ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine



ਸੰਪਾਦਕ
ਡਾ. ਜਾਗੀਰ ਸਿੰਘ

ਨਵੰਬਰ ੨੦੨੬



ਧ

ਧਿਆਨ ਧਰੇਂ ਜੇ ਕਾਦਰ ਦੇ ਵਲ,
ਆਖ਼ਰ ਕਾਦਰ ਪਾਵੇਂ ਹੂ।

ਪ੍ਰੇਮ ਦੀ ਤਾਂਘ ਜੇ ਮਨ ਵਿਚ ਹੋਵੇ,
ਪ੍ਰੇਮ ਦੀ ਗਲੀ ਜਾਵੇਂ ਹੂ।

ਤਾਂਘਾਂ ਦੇ ਵਿਚ ਸਮਾਂ ਗੁਜ਼ਾਰੇਂ,
ਮੇਲ ਹੋਵੇ ਤਦ ਸਾਂਹਵੇ ਹੂ।

ਸੰਤੋਖ ਉਦਾਸੀ ਵਕਤ ਗੁਜ਼ਾਰੇਂ,
ਧਿਆਨ ਪ੍ਰਭੂ ਵਲ ਲਾਵੇਂ ਹੂ।

ਅੰਮ੍ਰਿਤ ਕੀਰਤਨ

ਸੰਪਾਦਕ
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿ-ਸੰਪਾਦਕ
ਸ. ਅਰਸ਼ਦੀਪ ਸਿੰਘ

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ

AMRIT KIRTAN TRUST

SCAN & PAY

UPI ID: drjagirsingh@sbi

ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ,
ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
੪੨੨, ਸੈਕਟਰ ੧੫-ਏ, ਚੰਡੀਗੜ੍ਹ - ੧੬੦੦੧੫
ਫੋਨ: 0172-2772660, 98556-40630
e-mail: drjagirsingh@gmail.com
Website : http://www.amritkirtan.com

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਮੈਜੇਸਟਿਕ ਪ੍ਰਿੰਟਿੰਗ ਪ੍ਰੈਸ
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।

ਇਸ ਅੰਕ ਵਿਚ

ਕਰਉ ਬੇਨੰਤੀਆ
ਭਗਤ ਤੇਰੈ ਮਨਿ ਭਾਵਦੇ 1

ਗੁਰਬਾਣੀ ਵਿੱਚ ਕੀਰਤਨ ਦਾ ਸੰਕਲਪ 3
ਸ. ਤੀਰਥ ਸਿੰਘ ਢਿਲੋਂ

ਗੁਰਮਤਿ ਸੰਗੀਤ ਵਿੱਚ ਟਕਸਾਲਾਂ ਦਾ ਯੋਗਦਾਨ 6
ਡਾ. ਗੁਰਨਾਮ ਸਿੰਘ

Bibi Jaswant Kaur (Delhi) 14

ਨਵੇਂ ਕੀਰਤਨੀਏ (ਭਾਗ-੩) - ਭਾਈ ਨਿਰਭੈ ਸਿੰਘ 15
ਅਰਸ਼ਦੀਪ ਸਿੰਘ

ਪੁਸਤਕ ਰੀਵਿਊ - ਗੁਰੂਆਂ ਅਤੇ ਭਗਤਾਂ ਦੇ ਕਥਨ 17
ਪ੍ਰੋ. ਨਵ ਸੰਗੀਤ ਸਿੰਘ

ਅਪ੍ਰਚਲਿਤ ਰਾਗਾਂ ਦਾ ਖਜ਼ਾਨਾ 19
ਡਾ. ਮਲਕੀਤ ਸਿੰਘ ਜੰਡਿਆਲਾ

ਰਾਗ ਭੈਰਵੀ 20
ਬੀਬੀ ਹਰਦੀਪ ਕੌਰ

ਮੈਗਜੀਨ ਦਾ ਸਾਲਾਨਾ ਚੰਦਾ: ੬੦੦/-ਰੁਪਏ
ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ:

DONATIONS TO AMRIT KIRTAN TRUST

Cheques/Drafts should be sent in the name of AMRIT KIRTAN TRUST payable at Mohali. Donations can also be sent by money order at the address AMRIT KIRTAN TRUST (Regd.), 422, Sector 15-A, Chandigarh-160015. Donations can be made by Electronic Transfer too.

Bank details:
AMRIT KIRTAN TRUST
Saving Bank A/c No. 65079603302, IFSC: SBIN0018141 in the State Bank of India, Phase 3B-2, Mohali Punjab Branch. After such a Deposit, please inform us your Aadhar No., Pan No., Name & Address, and also the deposit details as to enable us to send you the receipt.

ਭਗਤ ਤੇਰੈ ਮਨਿ ਭਾਵਦੇ

ਜਦੋਂ ੧੯੭੪-੭੫ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਪੜ੍ਹਾਉਦਾ ਸੀ ਉਦੋਂ ਦਾ ਮੇਰਾ ਇਕ ਵਿਦਿਆਰਥੀ ਹੈ – ਗੁਰਿੰਦਰ ਸਿੰਘ, ਉਹ ਕਦੀ ਕਦੀ ਮੈਨੂੰ ਫੋਨ ਕਰਕੇ ਗੁਰਬਾਣੀ ਦੀ ਤੁੱਕ ਸੁਣਾ ਕੇ ਬਹੁਤ ਵੈਰਾਗ ਵਿੱਚ ਆ ਜਾਂਦਾ ਹੈ। ਉਹ ਕਿਸੇ ਇੰਸ਼ੋਰੈਂਸ ਕੰਪਨੀ ਵਿੱਚ ਕੰਮ ਕਰਦਾ ਸੀ ਤੇ ਹੁਣ ਉਹ ਤਨ, ਮਨ, ਅਤੇ ਧਨ ਨਾਲ ਲੋੜਵੰਦਾਂ ਦੀ ਮਦਦ ਕਰਦਾ ਹੈ।

ਮੈਂ ਵੇਖਿਆ ਹੈ – ਕਦੀ ਉਹ ਲੋੜਵੰਦਾਂ ਨੂੰ ਰਜ਼ਾਈਆਂ ਵੰਡਦਾ ਹੈ ਅਤੇ ਕਦੀ ਲੋੜਵੰਦ ਵਿਦਿਆਰਥੀਆਂ ਨੂੰ ਕਾਪੀਆਂ ਕਿਤਾਬਾਂ ਵੰਡਦਾ ਹੈ। ਉਹ ਗੁਰਬਾਣੀ ਨੂੰ ਜਿਸ ਭਾਵਨਾਤਮਕ ਤਰੀਕੇ ਨਾਲ ਪੜ੍ਹ-ਸੁਣ ਕੇ ਵੈਰਾਗ ਵਿੱਚ ਆ ਜਾਂਦਾ ਇਸ ਬਾਰੇ ਮੈਂ ਉਸ ਤੇ ਮਾਣ ਵੀ ਕਰਦਾ ਹਾਂ ਅਤੇ ਉਸ ਦੀ ਅਵਸਥਾ ਬਾਰੇ ਗੱਲਬਾਤ ਵੀ ਕਰਦਾ ਰਹਿੰਦਾ ਹਾਂ।

ਇਸ ਵਰਤਾਰੇ ਵਿੱਚੋਂ ਮੈਨੂੰ ਕਈ ਵਾਰ ਗੁਰਬਾਣੀ ਦੇ ਅਰਥਾਂ ਦੀਆਂ ਨਿਵੇਕਲੀਆਂ ਪਰਤਾਂ ਸਮਝ ਵਿੱਚ ਆਉਂਦੀਆਂ ਹਨ। ਹੁਣ ਉਸ ਦਾ ਫੋਨ ਆਇਆ ਤਾਂ ਉਸ ਨੇ ਆਸਾ ਦੀ ਵਾਰ ਵਿੱਚ ਦਰਜ ਪਉੜੀ ਸੁਣਾਈ:

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥
ਇਕਿ ਮੂਲੁ ਨ ਬੁਝਨਿ ਆਪਣਾ ਅਣਹੋਦਾ ਆਪੁ ਗਣਾਇਦੇ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥
ਤਿਨ ਮੰਗਾ ਜਿ ਤੁਝੈ ਧਿਆਇਦੇ॥ (ਅੰਗ ੪੬੮)

ਇਹ ਤੁਕਾਂ ਸੁਣਾ ਕੇ ਵੈਰਾਗ ਵਿੱਚ ਆਇਆ ਕਹਿਣ ਲੱਗਾ – "ਤੁਸੀਂ ਕੀਰਤਨ ਕਰਦੇ ਹੋ, ਤੁਹਾਡੇ ਜਿਹੇ ਹੀ ਉਸ ਦੇ ਦਰ ਤੇ ਸੋਭਾ ਪਾਣਗੇ। ਮੇਰੇ ਜਿਹਾਂ ਨੂੰ ਤਾਂ ਢੋਈ ਨਹੀਂ ਮਿਲਣੀ।" ਮੈਂ ਉਸ ਨੂੰ ਸਮਝਉਣ ਅਤੇ ਵਡਿਆਉਣ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਮੈਂ ਆਪਣੇ ਅੰਦਰ ਝਾਤ ਮਾਰਨ ਲੱਗ ਪਿਆ। ਕਈ ਵਾਰ ਅਸੀਂ ਕੀਰਤਨੀਏ ਆਪਣੀ ਸੋਭਾ ਸੁਣ ਕੇ ਬਹੁਤ ਚੰਗਾ ਮਹਿਸੂਸ ਕਰਨ ਲੱਗ ਪੈਂਦੇ ਹਾਂ।

ਗੁਰਬਾਣੀ ਵਿੱਚ ਵੀ ਪ੍ਰਭੂ ਦੇ ਗੁਣ ਗਾਇਨ ਕਰਨ ਵਾਲਿਆਂ ਦੀ ਬਹੁਤ ਸਿਫਤ ਕੀਤੀ ਗਈ ਹੈ। ਇਸ ਨਾਲ ਅਸੀਂ ਜੋ ਕੀਰਤਨ ਕਰਨ ਵਾਲੇ ਹਾਂ ਆਪਣੇ ਆਪ ਨੂੰ ਵਿਸ਼ੇਸ਼ ਸਮਝਣ ਲੱਗ ਪੈਂਦੇ ਹਾਂ। ਅੱਜਕਲ੍ਹ ਜਿਸ ਤਰ੍ਹਾਂ ਦੇ ਕੀਰਤਨ ਕਰਨ ਦੇ ਮੌਕੇ ਅਤੇ ਕੀਰਤਨ ਪ੍ਰਚਾਰ ਦੇ ਸਾਧਨਾਂ ਕਾਰਨ ਕੀਰਤਨੀਆਂ ਨੂੰ ਮਾਣ ਸਨਮਾਨ ਮਿਲ ਰਹੇ ਹਨ। ਇਹ ਚੰਗੀ ਗੱਲ ਜਾਪਦੀ ਹੈ। ਪਰ ਡਰ ਇਹੀ ਰਹਿੰਦਾ ਹੈ ਕਿ ਇਸ ਨਾਲ ਕੀਰਤਨੀਏ ਦੇ ਮਨ ਵਿੱਚ ਕਿਤੇ ਹਉਮੈਂ ਨਾ ਆ ਜਾਵੇ ਇਸ ਲਈ ਗੁਰਬਾਣੀ ਵਿੱਚ ਜੋ ਕੀਰਤਨੀਏ ਨੂੰ ਚਿਤਾਵਨੀਆਂ ਦਿੱਤੀਆਂ ਗਈਆਂ ਉਹਨਾਂ ਨੂੰ ਵਾਰ ਵਾਰ ਚੇਤੇ ਰੱਖਣ ਦੀ ਲੋੜ ਹੈ।

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ॥ (ਅੰਗ ੧੫੮)

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ (ਅੰਗ ੬੮)

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥ (ਅੰਗ ੪੫੦)

ਭਲੋ ਭਲੋ ਰੇ ਕੀਰਤਨੀਆ॥
ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥ (ਅੰਗ ੮੮੫)

ਭਾਵੇਂ ਇਹ ਗੱਲਾਂ ਅਸੀਂ ਪਹਿਲਾਂ ਵੀ ਕਰਦੇ ਰਹੇ ਹਾਂ, ਪਰ ਇਹਨਾਂ ਨੂੰ ਮੁੜ ਮੁੜ ਦੁਹਰਾਉਣ ਦੀ ਲੋੜ ਹੈ।

ਕੀਰਤਨੀਆਂ ਬਾਰੇ ਇੱਕ ਸਾਖੀ ਵੀ ਯਾਦ ਆਉਂਦੀ ਹੈ:
ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਜ਼ਿਕਰ ਆਉਂਦਾ ਹੈ – "ਤਬ ਏਕ ਦਿਨ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇ ਅਰੁ ਏਕੁ ਤੀਨ ਚਾਰਿ ਬੈਸਨਉ ਗਿਆਨੀ ਆਪਸ ਕਉ ਚਤਰੁ ਬੇਤੇ ਜਾਣਿ ਕਰਿ, ਗੁਰੂ ਬਾਬੇ ਕਉ ਆਇ ਮਿਲੇ ਆਇ ਰਾਮ ਕ੍ਰਿਸਨੁ ਕਰਿ ਬੈਠੇ ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀਂ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹੁ ਤਉ ਬਹੁਤੁ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉਂ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ:

ਗਾਵਹਿ ਗੀਤੇ ਚੀਤਿ ਅਨੀਤੇ॥ ਰਾਗ ਸੁਣਾਇ ਕਹਾਵਹਿ ਬੀਤੇ॥
ਬਿਨ ਨਾਵੈ ਮਨਿ ਝੂਠੁ ਅਨੀਤੇ॥ (ਆਸਾ ਮਹਲਾ ੧, ਪੰਨਾ ੪੧੪)

ਇਹ ਹੁਣ ਅਸਾਂ ਕੀਰਤਨੀਆਂ ਨੇ ਦੇਖਣਾ ਹੈ ਕਿ ਕੀਰਤਨ ਸਮੇਂ ਸਾਡੇ ਮਨ ਕੀ ਬਾਤ ਕਿਉਂ ਕਰਿ ਹੈ।

ਭੁੱਲ ਚੁੱਕ ਖਿਮਾ
ਜਾਗੀਰ ਸਿੰਘ

ਗੁਰਬਾਣੀ ਵਿੱਚ ਕੀਰਤਨ ਦਾ ਸੰਕਲਪ

ਸ. ਤੀਰਥ ਸਿੰਘ ਢਿੱਲੋਂ

ਕੀਰਤਨ ਦਾ ਅਰਥ ਹੈ ਪ੍ਰਭੂ ਦੀ ਗਾ ਕੇ ਕੀਰਤੀ, ਉਸਤਤ ਅਤੇ ਸਿਫ਼ਤ ਸਲਾਹ ਕਰਨੀ। ਸਿੱਖ ਧਰਮ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀਰਤਨ ਪਰੰਪਰਾ ਦੇ ਮੋਢੀ ਮੰਨਿਆ ਜਾਂਦਾ ਹੈ। ਆਪ ਜੀ ਜਦੋਂ ਸੰਸਾਰ ਨੂੰ ਤਾਰਨ ਲਈ ਉਦਾਸੀਆਂ (ਧਾਰਮਿਕ ਯਾਤਰਾਵਾਂ) ਲਈ ਰਵਾਨਾ ਹੋਏ ਤਾਂ ਉਨ੍ਹਾਂ ਨੇ ਆਪਣੇ ਨਾਲ ਭਾਈ ਮਰਦਾਨਾ ਰਬਾਬੀ ਨੂੰ ਸਾਥੀ ਵਜੋਂ ਚੁਣਿਆ। ਗੁਰੂ ਸਾਹਿਬ ਸ਼ਬਦ ਗਾਇਨ ਕਰਦੇ ਅਤੇ ਭਾਈ ਮਰਦਾਨਾ ਰਬਾਬ ਉੱਤੇ ਸੰਗਤ ਕਰਦਾ। ਗੁਰੂ ਸਾਹਿਬ ਦੀ ਸਰੋਦੀ ਤੇ ਰੁਹਾਨੀ ਆਵਾਜ਼ ਅਤੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਇਲਾਹੀ ਟੁਣਕਾਰ ਦੇ ਸੁਮੇਲ ਨਾਲ ਸੰਗਤਾਂ ਉੱਤੇ ਅਜਿਹਾ ਪ੍ਰਭਾਵ ਪੈਂਦਾ ਕਿ ਉਨ੍ਹਾਂ ਦੀ ਸੁਰਤ ਸਹਿਜੇ ਹੀ ਪ੍ਰਭੂ ਨਾਲ ਜੁੜ ਜਾਂਦੀ। ਸਿੱਖ ਧਰਮ ਵਿੱਚ ਸਭ ਤੋਂ ਵੱਧ ਪ੍ਰਧਾਨਤਾ ਗੁਰਬਾਣੀ ਦੇ ਕੀਰਤਨ ਨੂੰ ਦਿੱਤੀ ਗਈ ਹੈ। ਗੁਰਵਾਕ ਹੈ:

ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥

ਕੀਰਤਨ ਨੂੰ ਨਿਰਮੋਲਕ ਹੀਰਾ ਆਖਿਆ ਗਿਆ ਹੈ। ਗੁਰਬਾਣੀ ਦਾ ਫਰਮਾਨ ਹੈ:

ਕੀਰਤਨੁ ਨਿਰਮੋਲਕ ਹੀਰਾ ॥
ਆਨੰਦ ਗੁਣੀ ਗਰੀਹਾ ॥
ਅਨਹਦ ਬਾਣੀ ਪੂੰਜੀ ॥
ਸੰਤਨ ਹਥਿ ਰਾਖੀ ਕੂੰਜੀ ॥

ਗੁਰਬਾਣੀ ਮੁਤਾਬਿਕ ਸਾਰੀਆਂ ਸਿਆਣਪਾਂ ਅਤੇ ਚਤੁਰਾਈਆਂ ਛੱਡ ਕੇ ਕੀਰਤਨ ਗਾਇਨ ਕਰਨਾ ਚਾਹੀਦਾ ਹੈ।

ਮਨ ਮੇਰੇ ਕਰਤੇ ਨੋ ਸਾਲਾਹਿ ॥
ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥ ਰਹਾਉ ॥

ਗੁਰਬਾਣੀ ਮੁਤਾਬਿਕ ਕੀਰਤਨ ਅਜਿਹਾ ਧਨ ਹੈ ਅਰਥਾਤ ਦੌਲਤ ਹੈ, ਜਿਹੜੀ ਹਮੇਸ਼ਾ ਕਾਇਮ ਰਹਿੰਦੀ ਹੈ। ਫਰਮਾਨ ਹੈ:

ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੁ ॥

ਗੁਰਬਾਣੀ ਮੁਤਾਬਿਕ ਉਹ ਵਿਅਕਤੀ ਧੰਨਤਾ ਦੇ ਯੋਗ ਹੈ, ਜਿਹੜਾ ਪ੍ਰਭੂ ਦੀ ਕੀਰਤੀ ਗਾਇਨ ਕਰਦਾ ਹੈ।

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥

ਗੁਰਬਾਣੀ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕੀਰਤਨ ਕਰਨਾ ਜਾਂ ਸੁਣਨਾ ਵੱਡੇ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦਾ ਹੈ, ਹਰ ਕਿਸੇ ਨੂੰ ਇਹ ਇਲਾਹੀ ਦਾਤ ਨਹੀਂ ਮਿਲਦੀ। ਗੁਰ ਫਰਮਾਨ ਹੈ:

ਜਿਸਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥ ਰਹਾਉ ॥

ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਇੱਕ ਵਾਰ ਸਿੱਖਾਂ ਨੇ ਪੁੱਛਿਆ "ਸੱਚੇ ਪਾਤਸ਼ਾਹ, ਆਪ ਇਹ ਦੱਸਣ ਦੀ ਕਿਰਪਾਲਤਾ ਕਰੋ ਕਿ ਗੁਰਬਾਣੀ ਦਾ ਪਾਠ ਕਰਨਾ ਅਤੇ ਕੀਰਤਨ ਕਰਨਾ ਇਨ੍ਹਾਂ ਦੋਹਾਂ ਦਾ ਕਿੰਨਾਂ ਕਿੰਨਾਂ ਮਹਾਤਮ ਹੈ? ਅਰਥਾਤ ਫਲ ਹੈ?" ਗੁਰੂ ਸਾਹਿਬ ਨੇ ਉੱਤਰ ਦਿੱਤਾ, "ਸੁਣੋ ਭਾਈ, ਪਾਠ ਕਰਨਾ ਇਸ ਤਰ੍ਹਾਂ ਹੈ ਜਿਵੇਂ ਖੂਹ ਦੇ ਪਾਣੀ ਨਾਲ ਖੇਤਾਂ ਦੀ ਸਿੰਜਾਈ ਕੀਤੀ ਜਾਵੇ। ਪਾਣੀ ਨੂੰ ਆਪਣੇ ਯਤਨਾਂ ਨਾਲ ਉੱਚੀ

ਨੀਵੀਂ ਜ਼ਮੀਨ ਤੇ ਚੜ੍ਹਾਇਆ ਜਾਂਦਾ ਹੈ। ਜਦਕਿ ਕੀਰਤਨ ਗਾਇਨ ਕਰਨਾ ਕੁਦਰਤ ਵੱਲੋਂ ਕੀਤੀ ਗਈ ਬਾਰਿਸ਼ ਦੇ ਸਮਾਨ ਹੈ ਜਿਹੜੀ ਸਮੁੱਚੀ ਧਰਤੀ ਨੂੰ ਇੱਕੋ ਸਮੇਂ ਸਰਸਬਜ਼ ਕਰ ਦਿੰਦੀ ਹੈ।''

ਗੁਰਬਾਣੀ ਵਿੱਚ ਕੀਰਤਨ ਕਰਨ ਵਾਲੇ ਨੂੰ ਰਾਗੀ ਜਾਂ ਕੀਰਤਨਕਾਰ ਆਖਿਆ ਗਿਆ ਹੈ। ਇਨ੍ਹਾਂ ਪਾਵਨ ਤੁਕਾਂ ਰਾਹੀਂ ਕੀਰਤਨਕਾਰ ਦੀ ਉਪਮਾ ਕੀਤੀ ਗਈ ਹੈ।

ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ ਰਹਾਉ ॥

ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਗਉੜੀ ਸੁਖਮਨੀ ਵਿੱਚ ਬਚਨ ਕਰਦੇ ਹਨ ਕਿ ਦੁਨਿਆਵੀ ਜੀਵਨ ਬਸਰ ਕਰਦਿਆਂ ਅਤੇ ਸਾਰੇ ਸੰਸਾਰਿਕ ਕੰਮਕਾਰ ਕਰਦਿਆਂ ਵੀ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਆਪ ਦੇ ਬਚਨ ਹਨ:

ਅਨਦਿਨੁ ਕੀਰਤਨੁ ਕੇਵਲ ਬਖ੍ਯਾਨੁ ॥
ਗ੍ਰਿਹਸਤ ਮਹਿ ਸੋਈ ਨਿਰਬਾਨੁ ॥

ਗੁਰਬਾਣੀ ਦਾ ਫਰਮਾਨ ਹੈ ਕਿ ਇਸ ਮਨ ਦੀ ਪੰਜ ਵਿਕਾਰੀ ਮੈਲ ਨੂੰ ਕੀਰਤਨ ਗਾਇਨ ਕਰਕੇ ਸਹਿਜੇ ਹੀ ਧੋਤਾ ਜਾ ਸਕਦਾ ਹੈ ਅਤੇ ਗ਼ਾਫ਼ਿਲ ਹੋਏ ਅਚੇਤ ਮਨ ਨੂੰ ਸੰਸਾਰਿਕ ਰਸਾਂ—ਕਸਾਂ ਦੀ ਨੀਂਦ ਤੋਂ ਜਗਾਇਆ ਜਾ ਸਕਦਾ ਹੈ।

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥
ਹਰਿ ਕੀਰਤਨ ਮਹਿ ਇਹੁ ਮਨੁ ਜਾਗੈ ॥ ਰਹਾਉ ॥

ਗੁਰਬਾਣੀ ਵਿੱਚ ਉਪਦੇਸ਼ ਹੈ ਕਿ ਕੀਰਤਨ ਉਹ ਮਹਾਂਦਾਨ ਹੈ, ਜਿਸ ਨੂੰ ਜਿਤਨਾ ਵੰਡੋਗੇ ਉਤਨਾ ਹੀ ਪੁੰਨ ਫਲ ਪ੍ਰਾਪਤ ਹੋਵੇਗਾ। ਪ੍ਰਾਣੀ ਦਾ ਤਨ, ਮਨ ਕੀਰਤਨ ਕਰਨ ਨਾਲ ਗੁਲਜ਼ਾਰ ਦੀ ਨਿਆਈਂ ਖਿੜ ਉਠਦਾ ਹੈ।

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥

ਕੀਰਤਨ ਰਾਹੀਂ ਮਾਤਲੋਕ ਅਤੇ ਪ੍ਰਲੋਕ, ਦੋਨੋਂ ਥਾਈਂ ਪਰਮ ਸੁੱਖ ਅਤੇ ਮੋਕਸ਼ ਮਿਲਦਾ ਹੈ। ਗੁਰਬਾਣੀ ਦਾ ਫਰਮਾਨ ਹੈ ਕਿ ਜਿੱਥੇ ਪ੍ਰਭੂ ਦੀ ਕੀਰਤੀ ਗਾਇਨ ਕੀਤੀ ਜਾਂਦੀ ਹੈ, ਅਰਥਾਤ ਕੀਰਤਨ ਹੁੰਦਾ ਹੈ, ਉਹ ਸਥਾਨ ਬੈਕੁੰਠ ਅਰਥਾਤ ਸੁਰਗ ਲੋਕ ਬਣ ਜਾਂਦਾ ਹੈ।

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥
ਐਸਾ ਕੀਰਤਨੁ ਕਰਿ ਮਨ ਮੇਰੇ ॥
ਈਹਾ ਊਹਾ ਜੋ ਕਾਮਿ ਤੇਰੈ ॥ ਰਹਾਉ ॥

ਸੰਤ ਜਨਾ ਨਾਲ ਮਿਲ ਕੇ ਕੀਰਤਨ ਗਾਇਨ ਕਰਨ ਨਾਲ ਜਨਮਾਂ ਜਨਮਾਂ ਦੇ ਪਾਪ ਅਤੇ ਦੁੱਖ ਮਿਟ ਜਾਂਦੇ ਹਨ।

ਸੰਤ ਜਨਾ ਮਿਲਿ ਹਰਿ ਜ਼ਸੁ ਗਾਇਓ ॥
ਕੋਟਿ ਜਨਮ ਕੇ ਦੁਖ ਗਵਾਇਓ ॥ ਰਹਾਉ ॥

ਮਹਿਮਾ ਪ੍ਰਕਾਸ਼ ਵਿੱਚ ਵੀ ਗੁਰਬਾਣੀ ਕੀਤਰਨ ਦੀ ਮਹੱਤਤਾ ਬਾਰੇ ਜ਼ਿਕਰ ਕੀਤਾ ਗਿਆ ਹੈ। ਸਿੱਖ ਧਰਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਕੀਰਤਨ ਨੂੰ ਸਭ ਤੋਂ ਸ੍ਰੇਸ਼ਟ ਅਤੇ ਪੁਨੀਤ ਕਰਮ ਦੱਸਦੇ ਹਨ। ਆਪਣੀ ਇੱਕ ਵਾਰ ਵਿੱਚ ਆਪ ਲਿਖਦੇ ਹਨ:

ਕਤ ਪੁਨ ਮਾਨਸ ਜਨਮ ਕਤ ਸਾਧਸੰਗੁ ਨਿਸ ਦਿਨ ਕੀਰਤਨ ਸਮੈ ਚਲਿ ਜਾਈਐ ॥

ਪ੍ਰਸਿੱਧ ਸੰਗੀਤਕ ਵਿਦਵਾਨਾਂ ਡਾਕਟਰ ਅਜੀਤ ਸਿੰਘ ਪੇਂਟਲ ਅਤੇ ਡਾਕਟਰ ਤਰਲੋਚਨ ਸਿੰਘ ਦੀ ਰਾਏ ਹੈ ਕਿ ਕੀਰਤਨ ਹੀ ਪ੍ਰਮਾਤਮਾ ਅਰਥਾਤ ਬ੍ਰਹਮ ਤੱਕ ਪਹੁੰਚਾ ਸਕਦਾ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਸੰਸਾਰ ਤੋਂ ਕੂਚ ਕਰ ਜਾਣ ਤੀਕ ਲਗਭਗ ਹਰੇਕ ਉਤਸਵ/ਕਾਰਜਾਂ/ਸੰਸਕਾਰ ਸਮੇਂ ਕੀਰਤਨ ਦਾ ਹੋਣਾ ਆਮ ਹੈ। ਜਿਹੜਾ ਪ੍ਰਾਣੀ ਲਿਵ ਜੋੜ ਕੇ ਕੀਰਤਨ ਕਰਦਾ ਹੈ ਉਸ ਦੇ ਹਰ ਪਾਸੇ ਦੀਪਕ ਹੀ ਦੀਪਕ ਅਤੇ ਆਤਮਿਕ ਜੋਤ ਆਦਿ ਜਗ ਜਾਣਗੇ।

ਗੁਰਬਾਣੀ ਮੁਤਾਬਿਕ ਹਰ ਉਹ ਵਿਅਕਤੀ ਚਾਹੇ ਉਹ ਕਿਸੇ ਵੀ ਧਰਮ, ਵਰਨ ਜਾਂ ਮੱਤ ਨਾਲ ਸਬੰਧਿਤ ਹੋਵੇ, ਜੇ ਉਹ ਪ੍ਰਭੂ ਦਾ ਕੀਰਤਨ ਕਰਦਾ ਹੈ ਤਾਂ ਉਹ ਕੀਰਤਨੀਆ ਹੀ ਹੈ, ਫਰਮਾਨ ਹੈ:

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥

ਉਂਝ ਤਾਂ ਕਿਸੇ ਵੀ ਸਥਾਨ ਤੇ ਬੈਠ ਕੇ ਜਾਂ ਇਕੱਲੇ ਵੀ ਕੀਰਤਨ ਕੀਤਾ ਜਾ ਸਕਦਾ ਹੈ, ਪਰ ਭਾਈ ਗੁਰਦਾਸ ਜੀ ਮੁਤਾਬਿਕ ਸਾਧ ਸੰਗਤ ਵਿੱਚ ਬੈਠ ਕੇ ਕੀਤਰਨ ਕਰਨ ਤੇ ਸੁਣਨ ਦਾ ਬਹੁਤ ਮਹੱਤਵ ਹੈ:

ਸਚ ਵਣਜ ਗੁਰੂ ਹਟੀਐ ਸਾਧਸੰਗਤਿ ਕੀਰਤਿ ਕਰਤਾਰਾ ॥
ਸਚੀ ਭਗਤਿ ਭੰਡਾਰ ਸਚੁ ਰਾਗ ਰਤਨ ਕੀਰਤਨੁ ਭਾਵੰਦਾ ॥

ਇਸੇ ਵਿਚਾਰ ਨੂੰ ਗੁਰਬਾਣੀ ਵਿੱਚ ਇਉਂ ਰੂਪਮਾਨ ਕੀਤਾ ਗਿਆ ਹੈ:

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥ (ਅੰਗ ੧੦੭੪)

ਗੁਰਬਾਣੀ ਵਿੱਚ ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨਕਾਰ ਜਾਂ ਉਸਤਤਕਾਰ ਨੂੰ ਢਾਢੀ ਆਖ ਕੇ ਵਡਿਆਇਆ ਹੈ। ਵਾਰ ਆਸਾ ਮਹਲਾ ਪਹਿਲਾ ਵਿੱਚ ਆਪ ਦੇ ਅਮੁਲੀਕ ਬਚਨ ਹਨ:

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥

ਅਤੇ ਵਾਰ ਮਾਝ ਮਹਲਾ ਪਹਿਲਾ ਦੀ ਪਉੜੀ ਵਿੱਚ ਫਰਮਾਉਂਦੇ ਹਨ:

ਹਉ ਢਾਢੀ ਵੇਕਾਰੁ ਕਾਰੈ ਲਾਇਆ ॥

ਸੋ ਇਸ ਸਾਰੇ ਵਿਸਥਾਰ ਦਾ ਤੱਤਸਾਰ ਇਹ ਹੈ ਕਿ ਕੀਰਤਨ, ਪ੍ਰਭੂ ਪਰਮੇਸ਼ਵਰ ਨਾਲ ਜੋੜਨ ਦਾ ਸਭ ਤੋਂ ਉੱਤਮ, ਸਰਲ ਅਤੇ ਸਹਿਜਤਾ ਵਾਲਾ ਸਾਧਨ ਹੈ। ਤਾਂ ਹੀ ਤਾਂ ਗੁਰਬਾਣੀ ਕੁੱਲ ਲੋਕਾਈ ਨੂੰ ਸੁਨੇਹੜਾ ਦਿੰਦੀ ਹੈ:

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥
ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥ ਰਹਾਉ ॥

ਮੈਂਬਰ ਕੀਰਤਨ ਸਭ ਕਮੇਟੀ,
ਸ਼੍ਰੋਮਣੀ ਕਮੇਟੀ, ਸ਼੍ਰੀ ਅੰਮ੍ਰਿਤਸਰ
ਮੋ: 9815461710

ਸ਼੍ਰੀ ਤਰਲੋਕ ਚੰਦ ਨਾਗਪਾਲ ਦੇ ਲੇਖਾਂ ਦਾ ਸੰਗ੍ਰਹ 'ਪੁਰਾਤਨ ਰਬਾਬੀ ਕੀਰਤਨੀਆਂ ਅਤੇ ਸੰਗੀਤਕਾਰਾਂ ਦੀ ਦਾਸਤਾਨ'
ਨਵੀਂ ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ:
ਭੁਜੰਗੀ ਪ੍ਰਕਾਸ਼ਨ – 78144 18894

ਗੁਰਮਤਿ ਸੰਗੀਤ ਵਿੱਚ ਟਕਸਾਲਾਂ ਦਾ ਯੋਗਦਾਨ

ਡਾ. ਗੁਰਨਾਮ ਸਿੰਘ

ਦਮਦਮੀ ਟਕਸਾਲ ਦਾ ਗੁਰਮਤਿ ਸੰਗੀਤ ਵਿੱਚ ਯੋਗਦਾਨ

ਗੁਰਮਤਿ ਸੰਗੀਤ ਦੀ ਸਿਖਲਾਈ ਤੇ ਪ੍ਰਚਾਰ ਪ੍ਰਸਾਰ ਲਈ ਟਕਸਾਲਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਟਕਸਾਲਾਂ ਵਿੱਚ ਗੁਰ ਸ਼ਬਦ ਕੀਰਤਨ ਸਿੱਖਣ ਵਾਲੇ ਟਕਸਾਲੀ ਗਾਇਕ ਤੇ ਵਾਦਕਾਂ ਨੂੰ ਵਰ੍ਹਿਆਂ ਬੱਧੀ ਗੁਰਮਤਿ ਅਨੁਸਾਰੀ ਇਕ ਨਿਸ਼ਚਿਤ ਦਿਸ਼ਾ ਅਤੇ ਵਿਸ਼ੇਸ਼ ਗੁਰਮਤਿ ਸੰਗੀਤ ਪਾਠ ਸਮੱਗਰੀ ਦੁਆਰਾ ਸਿਖਲਾਈ ਤੇ ਸਾਧਨਾ ਕਰਵਾਈ ਜਾਂਦੀ ਹੈ। ਸੰਗੀਤ ਵਿੱਚ ਪ੍ਰਬੀਨਤਾ ਦੇ ਨਾਲ ਨਾਲ ਬਾਣੀ, ਬਾਣੇ ਅਤੇ ਗੁਰਸਿੱਖੀ ਜੀਵਨ ਵਾਲੇ ਆਦਰਸ਼ ਕੀਰਤਨੀਆਂ ਦੀ ਘਾੜਤ, ਇਨ੍ਹਾਂ ਟਕਸਾਲਾਂ ਵਿੱਚ ਹੀ ਘੜੀ ਜਾਂਦੀ ਰਹੀ ਹੈ।

ਸਿੱਖ ਧਰਮ ਵਿੱਚ ਪਹਿਲੀ ਟਕਸਾਲ ਦਾ ਆਰੰਭ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੋਂ ਹੋਇਆ ਜਿਨ੍ਹਾਂ ਤਲਵੰਡੀ ਸਾਬੋ ਦੀ ਪਾਵਨ ਧਰਤ ਉਤੇ ਨੌਵੇਂ ਗੁਰੂ ਤੇਗ ਬਹਾਦਰ ਦੀ ਪਾਵਨ ਬਾਣੀ ਸਮੇਤ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਪੁਨਰ ਸੰਕਲਨ ਕੀਤਾ। ਇਸੇ ਸਥਾਨ ਤੇ ਆਪ ਨੇ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਸੰਪੂਰਨ ਪਾਠ ਅਤੇ ਅਰਥ ਬੋਧ ਵੀ ਕਰਵਾਏ। ਟਕਸਾਲੀ ਵਿਦਿਆ ਦਾ ਪਹਿਲਾ ਪਾਠ ਗ੍ਰਹਿਣ ਕਰਨ ਵਾਲੇ ਪਹਿਲੇ ੪੮ ਸਿੰਘ ਮੰਨੇ ਗਏ ਹਨ ਜਿਨ੍ਹਾਂ ਵਿੱਚ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਵੀ ਸ਼ਾਮਿਲ ਸਨ। ਤਲਵੰਡੀ ਸਾਬੋ ਦਾ ਇਹ ਸਥਾਨ ਗੁਰੂ ਕੀ ਕਾਸ਼ੀ (ਇਹ ਹੈ ਪ੍ਰਗਟ ਹਮਾਰੀ ਕਾਸ਼ੀ) ਵਜੋਂ ਪ੍ਰਸਿੱਧ ਹੋਇਆ ਜੋ ਵਰਤਮਾਨ ਸਮੇਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਜੋਂ ਸਥਾਪਤ ਹੈ। ਗੁਰਮੁਖੀ ਦੇ ਅੱਖਰ ਬੋਧ ਅਤੇ ਲਿਖਣ ਪਰੰਪਰਾ ਵਿਕਸਤ ਕਰਨ ਦਾ ਆਰੰਭ ਵੀ ਇਸੇ ਸਥਾਨ ਤੇ ਕੀਤਾ ਗਿਆ। ਬਾਣੀ ਬੋਧ ਤੋਂ ਇਲਾਵਾ ਸ਼ਬਦ ਕੀਰਤਨ ਪ੍ਰਣਾਲੀ ਵੀ ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਿਤ ਇਸ ਟਕਸਾਲੀ ਪਰੰਪਰਾ ਦਾ ਹਿੱਸਾ ਸੀ। ਦਸਮ ਪਾਤਸ਼ਾਹ ਨੇ ਇਸ ਟਕਸਾਲੀ ਪਰੰਪਰਾ ਦੇ ਪ੍ਰਚਲਨ ਲਈ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਸਾਹਿਬ ਅਤੇ ਬਾਬਾ ਦੀਪ ਸਿੰਘ ਨੂੰ ਦਮਦਮਾ ਸਾਹਿਬ ਵਿਖੇ ਹੀ ਇਹ ਕਾਰਜ ਅਗਾਂਹ ਤੋਰਨ ਦੀ ਸੇਵਾ ਸੌਂਪੀ। ਇਨ੍ਹਾਂ ਦੋਵੇਂ ਮਹਾਪੁਰਖਾਂ ਨੇ ਵਰ੍ਹਿਆਂ ਬੱਧੀ ਗੁਰੂ ਘਰ ਵਿੱਚ ਰਹਿ ਕੇ ਸੇਵਾ, ਸਿਖਿਆ, ਸਿਮਰਨ ਦੁਆਰਾ ਗੁਰਸਿਖ ਗੁਰਮਤਿ ਸ਼ਖਸੀਅਤ ਗ੍ਰਹਿਣ ਕੀਤੀ ਜੋ ਇਨ੍ਹਾਂ ਦੋਵੇਂ ਮਹਾਪੁਰਖਾਂ ਦੇ ਯੋਗਦਾਨ ਤੋਂ ਪ੍ਰਤੱਖ ਹੈ।

ਦਮਦਮੀ ਟਕਸਾਲ ਦੇ ਹਵਾਲੇ ਅਨੁਸਾਰ ਇਸ ਟਕਸਾਲ ਦੀ ਸਥਾਪਨਾ ੧੭੦੬ ਈ. ਨੂੰ ਦਸਮ ਪਾਤਸ਼ਾਹ ਨੇ ਆਪ ਕੀਤੀ ਅਤੇ ਬਾਬਾ ਦੀਪ ਸਿੰਘ ਨੂੰ ਇਸ ਟਕਸਾਲ ਦਾ ਮੁਖੀ ਥਾਪਿਆ। ਬਾਬਾ ਦੀਪ ਸਿੰਘ ਜਿਥੇ ਸਿੱਖ ਕੌਮ ਦੇ ਨਾਮਵਰ ਜੋਧੇ ਸਨ ਤੇ ਜਿਨ੍ਹਾਂ ਦਾ ਨਾਮ ਸਿੱਖ ਇਤਿਹਾਸ ਦੇ ਸ਼ਹੀਦਾਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹੈ। ਆਪ ਬਾਣੀ ਦੇ ਅਨੁਭਵੀ ਗਿਆਤਾ ਅਤੇ ਵਿਆਖਿਆਕਾਰ ਹੋਣ ਦੇ ਨਾਲ ਕੀਰਤਨੀਏ ਵੀ ਸਨ। ਇਸ ਕਰਕੇ ਬਾਬਾ ਦੀਪ ਸਿੰਘ ਨੇ ਦਮਦਮਾ ਸਾਹਿਬ ਤੋਂ ਦਮਦਮੀ ਟਕਸਾਲ ਦੁਆਰਾ ਬਾਣੀ ਬੋਧ, ਬਾਣੀ ਵਿਆਖਿਆ ਅਤੇ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਦਾ ਆਰੰਭ ਕੀਤਾ। ਬਾਬਾ ਦੀਪ ਸਿੰਘ ਤੋਂ ਬਾਅਦ ਦਮਦਮੀ ਟਕਸਾਲ ਦੇ ਅਗਲੇਰੇ ਮੁਖੀ ਬਾਬਾ ਗੁਰਬਖਸ਼ ਸਿੰਘ ਸ਼ਹੀਦ ਨੇ ਦਮਦਮੀ ਟਕਸਾਲ ਵਿਖੇ ਰਹਿੰਦਿਆਂ ਬਾਬਾ ਦੀਪ ਸਿੰਘ ਜੀ ਦੁਆਰਾ ਚਲਾਏ ਪ੍ਰਬੰਧ ਦੀ ਅਗਵਾਈ ਕੀਤੀ। ਉਪਰੰਤ ਸਮੇਂ ਸਮੇਂ ਇਸ ਟਕਸਾਲ ਦੇ ਮੁਖੀ ਭਾਈ ਸੂਰਤ ਸਿੰਘ, ਭਾਈ ਗੁਰਦਾਸ

ਸਿੰਘ, ਭਾਈ ਸੰਤ ਸਿੰਘ, ਸੰਤ ਦਇਆ ਸਿੰਘ, ਗਿਆਨੀ ਭਗਵਾਨ ਸਿੰਘ, ਸੰਤ ਹਰਨਾਮ ਸਿੰਘ, ਬਾਬਾ ਬਿਸ਼ਨ ਸਿੰਘ, ਗਿ: ਸੁੰਦਰ ਸਿੰਘ, ਗਿ: ਗੁਰਬਚਨ ਸਿੰਘ, ਗਿ: ਕਰਤਾਰ ਸਿੰਘ ਖਾਲਸਾ, ਗਿ: ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਬਾਬਾ ਠਾਕੁਰ ਸਿੰਘ ਖਾਲਸਾ ਭਿੰਡਰਾਂਵਾਲੇ ਰਹੇ ਅਤੇ ਵਰਤਮਾਨ ਸਮੇਂ ਦਮਦਮੀ ਟਕਸਾਲ ਦਾ ਸਮੁੱਚਾ ਪ੍ਰਬੰਧ ਗਿ: ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਦੀ ਅਗਵਾਈ ਵਿੱਚ ਚਲ ਰਿਹਾ ਹੈ।

ਦਮਦਮੀ ਟਕਸਾਲ ਦੇ ਇਨ੍ਹਾਂ ਸਾਰੇ ਸਤਿਕਾਰਯੋਗ ਮੁਖੀਆਂ ਨੇ ਆਪੋ ਆਪਣੇ ਸਮੇਂ ਜਿਥੇ ਭਰਪੂਰ ਸਿੱਖੀ ਦਾ ਪ੍ਰਚਾਰ ਕੀਤਾ, ਉਥੇ ਵਿਸ਼ਵ ਪੱਧਰ ਉਤੇ ਗੁਰਮਤਿ ਦੇ ਵਿਆਖਿਆਕਾਰ ਅਤੇ ਕੀਰਤਨੀਏ ਵੀ ਤਿਆਰ ਕੀਤੇ। ਅਠਾਰਵੀਂ ਸਦੀ ਵਿੱਚ ਭਾਈ ਤਾਰਾ ਸਿੰਘ, ਭਾਈ ਗੁਰਮੁਖ ਸਿੰਘ ਸਮੇਂ ਸਮੇਂ ਦਮਦਮੀ ਟਕਸਾਲ ਦੇ ਮੋਢੀਆਂ ਵਿੱਚ ਰਹੇ। ਜਦੋਂ ਕਿ ਉਨੀਵੀਂ ਸਦੀ ਵਿੱਚ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਮੁਖੀ ਥਾਪੇ ਗਏ। ਵਿਸ਼ੇਸ਼ ਰੂਪ ਵਿੱਚ ਕੀਰਤਨ ਦੇ ਪ੍ਰਚਾਰ ਹਿਤ ਖੁਦ ਕੀਰਤਨ ਕਰਦਿਆਂ ਸੰਤ ਗਿਆਨੀ ਸੁੰਦਰ ਸਿੰਘ ਖਾਲਸਾ ਨੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਉਪਰੰਤ ਸੰਤ ਕਰਤਾਰ ਸਿੰਘ ਜੀ ਨੇ ਇਸ ਟਕਸਾਲ ਵਿੱਚ ਉਚੇਚਾ ਧਿਆਨ ਦੇ ਕੇ ਸੰਗੀਤ ਦੀ ਸਿਖਲਾਈ ਦੁਆਰਾ ਇਸ ਟਕਸਾਲ ਵਿੱਚ ਵਡਮੁੱਲਾ ਯੋਗਦਾਨ ਪਾਇਆ।

ਦਮਦਮੀ ਟਕਸਾਲ ਦੀ ਸਿਖਲਾਈ ਪਰੰਪਰਾ ਵਿੱਚ ਵਿਦਿਆਰਥੀਆਂ ਨੂੰ ਪੂਰਨ ਗੁਰਮਤਿ ਮਰਿਆਦਾ ਅਨੁਸਾਰ ਰਹਿਣੀਬਹਿਣੀ ਤੋਂ ਇਲਾਵਾ ਬਾਣੀ ਦਾ ਸਰਬਪੱਖੀ ਗਿਆਨ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਹੀ ਆਪਣੇ ਜੀਵਨ ਵਿੱਚ ਨਿਤਾ ਪ੍ਰਤੀ ਅੰਮ੍ਰਿਤ ਵੇਲੇ ਸੰਪੂਰਨ ਆਸਾ ਜੀ ਦੀ ਵਾਰ, ਸੰਧਿਆ ਸਮੇਂ ਸੋਦਰ ਤੋਂ ਇਲਾਵਾ ਨਿਤਾ ਪ੍ਰਤੀ ਕੀਰਤਨ ਸੁਣਨ ਉਤੇ ਵਿਸ਼ੇਸ਼ ਬਲ ਦਿਤਾ ਜਾਂਦਾ ਹੈ। ਦਮਦਮੀ ਟਕਸਾਲ ਦੀ ਸਿਖਲਾਈ ਵਿੱਚ ਬਾਣੀ ਦਾ ਸ਼ੁੱਧ ਉਚਾਰਨ, ਕੀਰਤਨ ਦੀ ਮਰਿਆਦਾ, ਰਾਗਾਤਮਕ ਕੀਰਤਨ ਅਤੇ ਵੱਖ ਵੱਖ ਸਾਜ਼ਾਂ ਦਾ ਵਾਦਨ ਵਿਸ਼ੇਸ਼ ਸਥਾਨ ਰਖਦੇ ਹਨ।

ਗਿਆਨੀ ਕਰਤਾਰ ਸਿੰਘ ਖਾਲਸਾ ਨੇ ਗੁਰਮਤਿ ਸੰਗੀਤ ਵਿੱਚ ਵਿਸ਼ੇਸ਼ ਦਿਲਚਸਪੀ ਰਖਦਿਆਂ ਗੁਰਮਤਿ ਸੰਗੀਤ ਦੀ ਸਿਖਲਾਈ ਗ੍ਰਹਿਣ ਕਰਨ ਵਾਲੇ ਟਕਸਾਲੀ ਸਿਖਿਆਰਥੀਆਂ ਲਈ ਕੁਝ ਵਿਸ਼ੇਸ਼ ਸਿਧਾਂਤ ਸਥਾਪਿਤ ਕੀਤੇ। ਉਨ੍ਹਾਂ ਦਮਦਮੀ ਟਕਸਾਲ ਦੇ ਕੀਰਤਨ ਵਿਦਿਆਲੇ ਵਿੱਚ ਸਿਖਿਆ ਦੇਣ ਲਈ ਸ੍ਰੀ ਗੁਰੁ ਗ੍ਰੰਥ ਸਾਹਿਬ ਦੀ ਸੰਥਿਆ ਨੂੰ ਲਾਜ਼ਮੀ ਬਣਾਇਆ। ਇਸ ਤੋਂ ਇਲਾਵਾ ਉਨ੍ਹਾਂ ਹਰ ਕੀਰਤਨੀਏ ਲਈ ਗਾਇਨ ਕੀਤੇ ਜਾਣ ਵਾਲੇ ਸ਼ਬਦ ਜ਼ਬਾਨੀ ਕੰਠ ਕਰਨੇ ਵੀ ਲਾਜ਼ਮੀ ਕੀਤੇ। ਉਨ੍ਹਾਂ ਟਕਸਾਲ ਦੇ ਕੀਰਤਨੀਆਂ ਲਈ ਹਥੀਂ ਸੇਵਾ ਨੂੰ ਵੀ ਇਸ ਵਿਦਿਆ ਦਾ ਇਕ ਅੰਗ ਬਣਾਇਆ ਤਾਂ ਜੋ ਬਾਣੀ ਕੇਵਲ ਥੋਥਾ ਗਾਇਨ ਨਾ ਰਹਿ ਕੇ ਵਿਹਾਰਕ ਰੂਪ ਵਿੱਚ ਵਿਦਿਆਰਥੀਆਂ ਦੇ ਜੀਵਨ ਦਾ ਹਿੱਸਾ ਬਣੇ। ਮਹਾਪੁਰਖਾਂ ਵਲੋਂ ਕੀਰਤਨ ਭੇਟਾ ਦੇ ਸਬੰਧ ਵਿੱਚ ਮਾਇਆ ਦੇ ਲੋਭ ਦਾ ਤਿਆਗ ਵੀ ਇਕ ਟਕਸਾਲੀ ਨਿਯਮ ਸੀ ਜਿਸ ਨੇ ‘‘ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ’’ ਦੀ ਵਿਚਾਰਧਾਰਾ ਉਤੇ ਪਹਿਰਾ ਦਿਤਾ। ਸਿਖਿਆਰਥੀਆਂ ਵਿੱਚ ਸ਼ਬਦ ਕੀਰਤਨ ਰਚਨਾਵਾਂ ਦਾ ਆਪਸੀ ਆਦਾਨ ਪ੍ਰਦਾਨ ਇਸ ਟਕਸਾਲ ਦਾ ਇਕ ਹੋਰ ਵਿਸ਼ੇਸ਼ ਨਿਯਮ ਹੈ।

ਦਮਦਮੀ ਟਕਸਾਲ ਦੇ ਪ੍ਰਮੁਖ ਕੀਰਤਨੀਏ ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਦੇਸ਼ ਵਿਦੇਸ਼ ਵਿੱਚ ਕਾਰਜ ਕਰ ਰਹੇ ਹਨ। ਜਿਨ੍ਹਾਂ ਵਿੱਚੋਂ ਭਾਈ ਭਗਵਾਨ ਸਿੰਘ ਰਾਗੀ (ਸਪੁੱਤਰ ਗਿਆਨੀ ਗੁਰਬਚਨ ਸਿੰਘ ਖਾਲਸਾ), ਭਾਈ ਗੁਰਸ਼ਰਨ ਸਿੰਘ, ਭਾਈ ਮੁਖਤਿਆਰ ਸਿੰਘ ‘ਮੁਖੀ’, ਭਾਈ ਰਾਮ ਸਿੰਘ, ਭਾਈ ਕਾਰਜ ਸਿੰਘ ਕੈਰੋਂ, ਭਾਈ ਗੁਰਜੀਤ ਸਿੰਘ ਕੈਰੋਂ, ਭਾਈ ਸੁਖਵਿੰਦਰ ਸਿੰਘ, ਭਾਈ ਰਖਬੀਰ ਸਿੰਘ ਭੰਗਵਾਂ, ਭਾਈ ਸਤਿੰਦਰਬੀਰ ਸਿੰਘ, ਭਾਈ ਕੁਲਵਿੰਦਰ

ਸਿੰਘ, ਭਾਈ ਗੁਰਕ੍ਰਿਪਾਲ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਮਹਿੰਦਰ ਸਿੰਘ ਫਰੀਦ, ਭਾਈ ਰਣਜੀਤ ਸਿੰਘ ਯੂ.ਐਸ.ਏ., ਭਾਈ ਮਲਕੀਤ ਸਿੰਘ ਯੂ.ਕੇ., ਸਰਵਣ ਸਿੰਘ ਤੇ ਬਲਬੀਰ ਸਿੰਘ (ਬਰਿੰਘਮ, ਯੂ.ਕੇ.) ਭਾਈ ਬੱਗਾ ਸਿੰਘ ਰਾਗੀ, ਭਾਈ ਹਰਜੀਤ ਸਿੰਘ ਕੋਟਾ, ਭਾਈ ਪ੍ਰਿਥੀਪਾਲ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਦਿਲਬਾਗ ਸਿੰਘ, ਰਾਗੀ ਗੁਰਦੀਪ ਸਿੰਘ 'ਕਵੀਸ਼ਰ', ਭਾਈ ਮੱਖਣ ਸਿੰਘ, ਭਾਈ ਸੂਬਾ ਸਿੰਘ, ਭਾਈ ਦਲਜੀਤ ਸਿੰਘ ਲਹਿਣਾ, ਭਾਈ ਬਲਜੀਤ ਸਿੰਘ ਗੁਪਾਲਾ, ਭਾਈ ਸਰਵਣ ਸਿੰਘ, ਭਾਈ ਤਾਰ ਬਲਬੀਰ ਸਿੰਘ, ਭਾਈ ਹਰਪ੍ਰੀਤ ਸਿੰਘ ਆਦਿ ਵਿਸ਼ੇਸ਼ ਹਨ (ਇਸ ਛੋਟੇ ਜਿਹੇ ਲੇਖ ਵਿੱਚ ਸਾਰੇ ਕੀਰਤਨੀਆਂ ਦੇ ਨਾਮ ਦੇਣੇ ਅਸੰਭਵ ਹਨ)।

ਦਮਦਮੀ ਟਕਸਾਲ ਵਿੱਚ ਜਿਨ੍ਹਾਂ ਵਿਦਵਾਨ ਉਸਤਾਦ ਕੀਰਤਨੀਆਂ ਨੇ ਸੇਵਾ ਨਿਭਾਈ, ਉਨ੍ਹਾਂ ਵਿੱਚੋਂ ਭਾਈ ਸੋਹਣ ਸਿੰਘ (ਝਿੱਕਾ ਜਿਲ੍ਹਾ ਹੁਸ਼ਿਆਰਪੁਰ), ਭਾਈ ਬਲਦੇਵ ਸਿੰਘ (ਅੰਮ੍ਰਿਤਸਰ), ਉਸਤਾਦ ਜਸਵੰਤ ਸਿੰਘ ਤੀਬਰ (ਕੁਲਾਰ), ਭਾਈ ਪ੍ਰੀਤਮ ਸਿੰਘ ਜ਼ਖਮੀ, ਉਸਤਾਦ ਪੂਰਨ ਸਿੰਘ (ਕੁਹਾੜਕਾ) ਤੋਂ ਇਲਾਵਾ ਭਾਈ ਕੁਲਬੀਰ ਸਿੰਘ, ਭਾਈ ਜਸਬੀਰ ਸਿੰਘ, ਭਾਈ ਜਸਪਾਲ ਸਿੰਘ ਜਵੱਦੀ ਦੇ ਨਾਮ ਸ਼ਾਮਿਲ ਹਨ।

ਗੁਰਮਤਿ ਸੰਗੀਤ ਦੇ ਖੇਤਰ ਵਿੱਚ ਦਮਦਮੀ ਟਕਸਾਲ ਦੀ ਇਕ ਹੋਰ ਪ੍ਰਾਪਤੀ ਉਸਤਾਦ ਜਸਵੰਤ ਸਿੰਘ ਦੀ ਪੁਰਾਤਨ ਰੀਤਾਂ ਤੇ ਅਧਾਰਿਤ ਪੁਸਤਕ 'ਸੰਗੀਤ ਸਾਗਰ' ਦੀ ਪੁਨਰ ਪ੍ਰਕਾਸ਼ਨਾ ਹੈ। ਇਸ ਪੁਸਤਕ ਦੇ ਸੰਪਾਦਕ ਗਿਆਨੀ ਜਤਿੰਦਰ ਸਿੰਘ ਹਨ। ਇਸ ਪੁਸਤਕ ਵਿੱਚ ੧੦੯ ਰਾਗਾਂ ਵਿੱਚ ੪੪੦ ਗੁਰਮਤਿ ਸੰਗੀਤ ਰਚਨਾਵਾਂ ਦਾ ਸੁਰਲਿਪੀਬੱਧ ਉਲੇਖ ਕੀਤਾ ਗਿਆ ਹੈ। ਭਾਈ ਜਸਵੰਤ ਸਿੰਘ ਤੀਬਰ ਰਾਗਦਾਰੀ ਤੋਂ ਇਲਾਵਾ ਤੰਤੀ ਸਾਜ਼ਾਂ ਦੇ ਮਾਹਿਰ ਉਸਤਾਦ ਸਨ ਜਿਨ੍ਹਾਂ ਨੇ ਵੱਖ ਵੱਖ ਟਕਸਾਲਾਂ ਤੇ ਵਿਦਿਆਲਿਆਂ ਵਿੱਚ ਸੰਗੀਤ ਸਿਖਿਆ ਦਿਤੀ। ਆਪ ਦੇ ਅਨੇਕ ਸ਼ਾਗਿਰਦ ਦੇਸ਼ ਵਿਦੇਸ਼ਾਂ ਵਿੱਚ ਕਾਰਜ ਕਰ ਰਹੇ ਹਨ। ਟਕਸਾਲੀ ਵਿਦਿਆ ਦੇਣ ਲਈ ਪੰਥ ਵਿੱਚ ਬੁਨਿਆਦੀ ਤੌਰ ਤੇ ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਦੀਆਂ ਦੋ ਟਕਸਾਲਾਂ ਹੀ ਮੁਖ ਰਹੀਆਂ ਹਨ। ਦਮਦਮੀ ਟਕਸਾਲ ਵਲੋਂ ਪ੍ਰਕਾਸ਼ਤ ਪੁਸਤਕੋਂ ਸੰਗੀਤ ਸਾਗਰੋ ਵਿੱਚ ਕੀਰਤਨ ਦੀ ਦੌਧਰ ਟਕਸਾਲ ਦਾ ਜ਼ਿਕਰ ਵੀ ਕੀਤਾ ਗਿਆ ਹੈ।

ਦਮਦਮੀ ਟਕਸਾਲ ਵਲੋਂ ਸਮੇਂ-ਸਮੇਂ ਹੋਰ ਗੁਰਮਤਿ ਸਮਾਗਮਾਂ ਦੇ ਨਾਲ-ਨਾਲ ਰਾਗਾਤਮਕ ਕੀਰਤਨ ਦਰਬਾਰ ਵੀ ਆਯੋਜਿਤ ਕੀਤੇ ਜਾਂਦੇ ਹਨ। ਬਾਬਾ ਠਾਕੁਰ ਸਿੰਘ ਨੇ ਇਕ ਲਿਖਤ ਵਿੱਚ ਗੁਰਬਾਣੀ ਦੇ ਰਾਗਾਂ ਦੀ ਖੋਜ ਨੂੰ ਉਤਸ਼ਾਹਿਤ ਕਰਨ ਤੇ ਬੱਲ ਦਿਤਾ। ਉਨ੍ਹਾਂ ਬਾਬਾ ਸੁੱਚਾ ਸਿੰਘ, ਜਵੱਦੀ ਟਕਸਾਲ ਦੇ ਗੁਰਮਤਿ ਸੰਗੀਤ ਸਬੰਧੀ ਯਤਨਾਂ ਨੂੰ ਪੂਰਨ ਮਾਨਤਾ ਦਿਤੀ ਅਤੇ ਰਾਗਮਈ ਗੁਰਬਾਣੀ ਕੀਰਤਨ ਸਮਾਗਮ ਕਰਵਾਉਣ ਨੂੰ ਸਮੇਂ ਦੀ ਲੋੜ ਦਸਿਆ ਤਾਂ ਜੋ ਬਾਣੀ ਨੂੰ ਅਸੀਂ ਗੁਰੂ ਸਾਹਿਬਾਨ ਦੁਆਰਾ ਦਰਸਾਈ ਟਕਸਾਲੀ ਰੀਤ ਨਾਲ ਗਾਇਨ ਕਰ ਸਕੀਏ। ਵਰਤਮਾਨ ਸਮੇਂ ਗਿਆਨੀ ਹਰਨਾਮ ਸਿੰਘ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਨਿਰੰਤਰ ਯਤਨਸ਼ੀਲ ਹੈ। ਦਮਦਮੀ ਟਕਸਾਲ ਸਾਰੀਆਂ ਟਕਸਾਲਾਂ ਵਿੱਚੋਂ ਪੁਰਾਤਨ ਟਕਸਾਲ ਹੈ ਜਿਸ ਨੇ ਕੁਝ ਵਰ੍ਹੇ ਪਹਿਲਾਂ ਇਸ ਟਕਸਾਲ ਦੀ ਤੀਸਰੀ ਸ਼ਤਾਬਦੀ ਬੜੀ ਉਤਸ਼ਾਹ ਨਾਲ ਮਨਾਈ। ਭਵਿੱਖ ਵਿੱਚ ਇਸ ਟਕਸਾਲ ਤੋਂ ਗੁਰੂ ਮਤਿ ਅਨੁਸਾਰ ਗੁਰਮਤਿ ਸੰਗੀਤ ਪਰੰਪਰਾ ਦੀ ਪੁਨਰ ਸਥਾਪਤੀ ਲਈ ਸਾਨੂੰ ਸਭ ਨੂੰ ਬਹੁਤ ਆਸਾਂ ਹਨ।

ਸ਼ਬਦ ਕੀਰਤਨ ਦੀ ਤਰਨ ਤਾਰਨ ਟਕਸਾਲ

ਸ਼ਬਦ ਕੀਰਤਨ ਦੇ ਖੇਤਰ ਵਿੱਚ ਵੱਖ-ਵੱਖ ਗੁਰ ਅਸਥਾਨ ਸਿੱਖ ਪਰੰਪਰਾਵਾਂ ਦੇ ਪ੍ਰਚਾਰ ਪਸਾਰ ਲਈ ਵਿਸ਼ੇਸ਼ ਕੇਂਦਰਾਂ ਵਜੋਂ ਵੀ ਉਭਰੇ। ਕਈ ਪੀੜੀਆਂ ਤੱਕ ਨਿੰਰਤਰ ਸਿਖਲਾਈ ਦੀ ਪਰੰਪਰਾ ਨੂੰ ਟਕਸਾਲੀ

ਵਿੱਦਿਆ ਦੇ ਕੇਂਦਰ ਵਜੋਂ ਸ਼ਬਦ ਕੀਰਤਨ ਟਕਸਾਲਾਂ ਵਜੋਂ ਸਰੂਪਤ ਕੀਤਾ।

ਗੁਰੂ ਘਰ ਦੀ ਕੀਰਤਨ ਪਰੰਪਰਾ ਵਿੱਚ ਤਰਨਤਾਰਨ ਟਕਸਾਲ ਦਾ ਵਿਸ਼ੇਸ਼ ਸਥਾਨ ਹੈ। ਜਿਸ ਟਕਸਾਲ ਦੇ ਕੀਰਤਨ ਦਾ ਵਿਸ਼ੇਸ਼ ਅੰਦਾਜ਼ ਹੈ। ਜੋ ਵਰਤਮਾਨ ਸਮੇਂ ਸ਼ਬਦ ਗਾਇਕੀ ਦੀ ਵਿਸ਼ਿਸ਼ਟਤਾ ਨੂੰ ਸਰੂਪਿਤ ਕਰਨ ਵਿੱਚ ਵਿਸ਼ੇਸ਼ ਰੂਪ ਵਿੱਚ ਸਹਾਈ ਹੋ ਰਿਹਾ ਹੈ। ਸਮਕਾਲੀ ਸੰਦਰਭ ਵਿੱਚ ਸ਼ਬਦ ਗਾਇਕੀ ਦੇ ਇਸ ਅੰਦਾਜ਼ ਨੂੰ ਅਸੀਂ ਸਵਰਗੀ ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਬਲਬੀਰ ਸਿੰਘ ਹੋਰਾਂ ਦੀ ਵਿਲੱਖਣ ਗਾਇਕੀ ਤੋਂ ਪਛਾਣ ਸਕਦੇ ਹਾਂ।

ਉਨੀਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸੰਤ ਈਸ਼ਰ ਸਿੰਘ ਜੀ ਦੁਆਰਾ ਤਰਨਤਾਰਨ ਦੇ ਇਤਿਹਾਸਕ ਗੁਰ ਅਸਥਾਨ ਉਤੇ ਇਸ ਟਕਸਾਲ ਦੀ ਸਥਾਪਨਾ ਹੋਈ ਦਸੀ ਜਾਂਦੀ ਹੈ। ਵੱਖ ਵੱਖ ਸਮੇਂ ਇਸ ਟਕਸਾਲ ਦੀ ਨਿਰੰਤਰਤਾ ਕਾਇਮ ਨਹੀਂ ਰਹਿ ਸਕੀ ਪਰੰਤੂ ਇਸ ਟਕਸਾਲ ਦਾ ਵਿਸ਼ੇਸ਼ ਯੋਗਦਾਨ ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਦਾ ਵਿਸ਼ੇਸ਼ ਹਿੱਸਾ ਰਿਹਾ ਹੈ। ਮਾਸਟਰ ਨੱਥੂ ਰਾਮ ਆਪਣੇ ਸਮੇਂ ਦੇ ਪ੍ਰਸਿੱਧ ਉਸਤਾਦ ਗਾਇਕ ਸਨ। ਪੰਡਤ ਨੱਥੂ ਰਾਮ ਨੇ ਇਸ ਟਕਸਾਲ ਵਿੱਚ ਤਿੰਨ ਦਹਾਕੇ ਗਾਇਨ ਤੇ ਵਾਦਨ ਦੀ ਤਾਲੀਮ ਦਿੱਤੀ ਅਤੇ ਇਸ ਇਲਾਕੇ ਦੇ ਸੰਗੀਤ ਸਿਖਿਆਰਥੀਆਂ ਨੂੰ ਸ਼ਾਸਤਰੀ ਸੰਗੀਤ ਦੀ ਤਾਲੀਮ ਦਿੰਦਿਆਂ ਗੁਰੂ ਘਰ ਦੇ ਕੀਰਤਨ ਲਈ ਅਨੇਕ ਨਾਮਵਰ ਕੀਰਤਨੀਏ ਪ੍ਰਦਾਨ ਕੀਤੇ।

ਤਰਨਤਾਰਨ ਟਕਸਾਲ ਦੇ ਪ੍ਰਮੁੱਖ ਕੀਰਤਨੀਆਂ ਵਿੱਚ ਭਾਈ ਪੂਰਨ ਸਿੰਘ ਦਾ ਨਾਮ ਵਿਸ਼ੇਸ਼ ਹੈ ਜਿਨ੍ਹਾਂ ਦੀ ਬੁਲੰਦ, ਸੁਰੀਲੀ, ਸਪਸ਼ਟ ਤੇ ਗੰਭੀਰ ਗਾਇਕੀ ਨੂੰ ਵੀ ਬਜ਼ੁਰਗ ਕੀਰਤਨੀਏ ਯਾਦ ਕਰਦੇ ਹਨ। ਆਪ ਕੀਰਤਨ ਦੇ ਨਾਲ ਸ਼ਬਦ ਦੇ ਵਿਖਿਆਨ ਵਿੱਚ ਵੀ ਕਮਾਲ ਦੀ ਮੁਹਾਰਤ ਰਖਦੇ ਸਨ। ਐਲ.ਪੀ. ਦੇ ਰੂਪ ਵਿੱਚ ਆਪ ਦੀ ਕੁਝ ਰਿਕਾਰਡਿੰਗਜ਼ ਵੀ ਹੋਈਆਂ। ਭਾਈ ਪੂਰਨ ਸਿੰਘ ਅਤੇ ਭਾਈ ਰਣਧੀਰ ਸਿੰਘ ਇਸ ਟਕਸਾਲ ਦੇ ਨਾਮਵਰ ਕੀਰਤਨੀਏ ਹੋਏ ਹਨ। ਭਾਈ ਸੰਤੂ ਤਰਨਤਾਰਨ ਦੇ ਪ੍ਰਸਿੱਧ ਪਖਾਵਜੀ ਹੋਏ ਹਨ ਅਤੇ ਰਾਗੀ ਭਾਈ ਬਲਬੀਰ ਸਿੰਘ ਦੇ ਪਿਤਾ ਭਾਈ ਸੰਤਾ ਸਿੰਘ ਜੀ ਵੀ ਇਸ ਟਕਸਾਲ ਨਾਲ ਸਬੰਧਿਤ ਰਹੇ ਅਤੇ ਕਈ ਵਰ੍ਹੇ ਵਿਦਿਆਰਥੀਆਂ ਨੂੰ ਤਾਲੀਮ ਦਿੰਦੇ ਰਹੇ। ਮਾਸਟਰ ਪ੍ਰੇਮ ਸਿੰਘ ਪਤੰਗ ਦਾ ਨਾਮ ਵੀ ਇਸ ਟਕਸਾਲ ਦੇ ਉਸਤਾਦ ਕੀਰਤਨੀਆਂ ਵਿੱਚ ਆਉਂਦਾ ਹੈ ਜਿਨ੍ਹਾਂ ਅਗਾਂਹ ਵੀ ਕਈ ਵਿਦਿਆਰਥੀਆਂ ਨੂੰ ਟਕਸਾਲ ਦੀ ਤਾਲੀਮ ਦਿੱਤੀ। ਭਾਈ ਬਖਸ਼ੀਸ਼ ਸਿੰਘ ਦੇ ਪਿਤਾ ਭਾਈ ਕ੍ਰਿਪਾਲ ਸਿੰਘ ਜੀ ਇਸ ਟਕਸਾਲ ਨਾਲ ਸਬੰਧਿਤ ਰਹੇ ਅਤੇ ਆਪ ਦਾ ਭਰਾਤਾ ਭਾਈ ਗੁਰਦੀਪ ਸਿੰਘ ਤਰਤਾਰਨ ਟਕਸਾਲ ਦੇ ਤਬਲਾ ਵਾਦਕ ਰਹੇ ਹਨ। ਤਰਨਤਾਰਨ ਟਕਸਾਲ ਦੇ ਦੂਸਰੇ ਪ੍ਰਸਿੱਧ ਕੀਰਤਨੀਏ ਭਾਈ ਬਲਬੀਰ ਸਿੰਘ ਵਰਤਮਾਨ ਸਮੇਂ ਇਸ ਟਕਸਾਲ ਦੀ ਪ੍ਰਤਿਨਿਧਤਾ ਕਰ ਰਹੇ ਹਨ। ਰਾਗੀ ਭਾਈ ਬਲਬੀਰ ਸਿੰਘ ਦੇ ਭਰਾਤਾ ਭਾਈ ਚੱਤਰ ਸਿੰਘ ਗਾਇਕੀ ਵਿੱਚ ਅਤੇ ਜੋੜੀ ਵਿੱਚ ਸਾਥ ਵਾਦਨ ਦੀ ਵਿਸ਼ੇਸ਼ ਮੁਹਾਰਤ ਰਖਣ ਵਾਲੇ ਭਾਈ ਮਹਿੰਦਰ ਸਿੰਘ ਦਾ ਅੱਜ ਵੀ ਪ੍ਰਮੁੱਖ ਤਬਲਾ ਵਾਦਕਾਂ ਵਿੱਚ ਜ਼ਿਕਰ ਆਉਂਦਾ ਹੈ।

ਤਰਨਤਾਰਨ ਟਕਸਾਲ ਦੀ ਕੀਰਤਨ ਗਾਇਕੀ ਗੁਰਮਤਿ ਸੰਗੀਤ ਦੀ ਸ਼ਬਦ ਗਾਇਕੀ ਨੂੰ ਸਰੂਪਿਤ ਕਰਨ ਵਿੱਚ ਵਿਸ਼ੇਸ਼ ਸਹਾਈ ਹੁੰਦੀ ਹੈ। ਇਸ ਦੀ ਸਪਸ਼ਟ ਪਛਾਣ ਅਸੀਂ ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਬਲਬੀਰ ਸਿੰਘ ਦੀ ਗਾਇਕੀ ਤੋਂ ਕਰ ਸਕਦੇ ਹਾਂ। ਸ਼ਬਦ ਗਾਇਕੀ ਲਈ ਸ਼ਬਦ ਦੀ ਪ੍ਰਧਾਨਤਾ ਤੇ ਸ਼ਬਦ ਦਾ ਸਪਸ਼ਟ ਉਚਾਰਣ ਇਸ ਟਕਸਾਲ ਦੀ ਵਿਸ਼ੇਸ਼ਤਾ ਹੈ ਜਿਸ ਲਈ ਗੁਰਬਾਣੀ ਸੰਥਿਆ ਨੂੰ ਇਸ ਤਾਲੀਮ ਦਾ ਲਾਜ਼ਮੀ ਹਿੱਸਾ ਮੰਨਿਆ ਜਾਂਦਾ ਹੈ। ਅੱਖਰਾਂ ਦੇ ਉਚਾਰਣ 'ਤੇ (ਮੁਹਾਰਨੀ) ਅਤੇ ਹਰ ਸ਼ਬਦ ਜੋੜ ਦੇ ਗਾਇਨ ਉਚਾਰਣ ਨੂੰ ਸਪਸ਼ਟ ਕਰਨਾ ਇਸ ਟਕਸਾਲ ਦੀ ਗਾਇਕੀ ਦਾ ਹਿੱਸਾ ਹੈ। ਰਾਗਦਾਰੀ ਦੀ ਪਕੇਰੀ ਪਕੜ੍ਹ ਇਸ ਟਕਸਾਲ ਦੀ ਵਿਸ਼ੇਸ਼ ਪਛਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਤੋਂ ਇਲਾਵਾ ਪੰਡਤ ਨੱਥੂ ਰਾਮ ਜੀ ਦੇ ਪ੍ਰਭਾਵ ਸਦਕਾ ਹਿੰਦੁਸਤਾਨੀ ਸੰਗੀਤ ਦੇ ਰਾਗਾਂ ਦਾ ਪ੍ਰਵਾਹ ਵੀ ਇਸ ਟਕਸਾਲ

ਵਿੱਚ ਹੈ। ਤਾਲ ਤੇ ਲੈਅ ਲਈ ਜੋੜੀ ਉਤੇ ਪਖਾਵਜ ਦੀ ਬੁਨਿਆਦੀ ਤਾਲੀਮ ਵੀ ਇਸ ਟਕਸਾਲ ਦਾ ਹਿੱਸਾ ਰਹੀ। ਇਸ ਟਕਸਾਲ ਦੇ ਕੀਰਤਨੀਏ ਗਾਇਕੀ ਦੇ ਨਾਲ-ਨਾਲ ਤਾਲ ਦਾ ਕਿਰਿਆਤਮਕ ਅਭਿਆਸ ਵੀ ਕਰਦੇ ਰਹੇ ਅਤੇ ਖੁਦ ਅੱਡੇ ਤਬਲਾ ਵਾਦਕ ਵੀ ਰਹੇ। ਭਾਈ ਬਲਬੀਰ ਸਿੰਘ ਜਿੰਨ੍ਹੀ ਗਾਇਕੀ ਵਿੱਚ ਮੁਹਾਰਤ ਰਖਦੇ ਹਨ, ਉਨ੍ਹਾਂ ਨੂੰ ਤਬਲੇ ਦਾ ਸਬਕ ਵੀ ਉਨ੍ਹਾਂ ਹੀ ਯਾਦ ਹੈ। ਇਹੀ ਕਾਰਨ ਹੈ ਕਿ ਇਸ ਟਕਸਾਲ ਦੀਆਂ ਸ਼ਬਦ ਕੀਰਤਨ ਰਚਨਾਵਾਂ ਤਾਲ ਪੱਖੋਂ ਨਿਵੇਕਲੀ ਵਿਲੱਖਣਤਾ ਤੇ ਪਰਿਪੂਰਨਤਾ ਰਖਦੀਆਂ ਹਨ।

ਤਰਨਤਾਰਨ ਟਕਸਾਲ ਦੇ ਕੀਰਤਨੀਆਂ ਦੀ ਸੁਰੀਲੀ ਆਵਾਜ ਦਾ ਬੁਲੰਦ ਖੁੱਲਾ ਲਗਾਵ ਇਸ ਟਕਸਾਲ ਦੀ ਗਾਇਕੀ ਨੂੰ ਇਕ ਹੋਰ ਵਿਲੱਖਣਤਾ ਪ੍ਰਦਾਨ ਕਰਦਾ ਹੈ। ਕੰਠ ਸਾਧਨਾ ਇਸ ਟਕਸਾਲ ਦਾ ਵਿਸ਼ੇਸ਼ ਹਿੱਸਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਦੇ ਗਾਇਨ ਦੇ ਨਾਲ ਸ੍ਰੀ ਦਸਮ ਗ੍ਰੰਥ ਤੇ ਸ੍ਰੀ ਸਰਬ ਲੋਹ ਗ੍ਰੰਥ ਦੀਆਂ ਬਾਣੀਆਂ ਨੂੰ ਇਸ ਟਕਸਾਲ ਦੇ ਕੀਰਤਨੀਆਂ ਨੇ ਬਾਖੂਬੀ ਗਾਇਆ ਹੈ। ਵਰਤਮਾਨ ਕੀਰਤਨਆਂ ਦੀ ਗਾਇਕੀ ਉਤੇ ਇਸ ਟਕਸਾਲ ਦੀ ਗਾਇਕੀ ਦਾ ਪ੍ਰਭਾਵ ਤਾਂ ਸਪਸ਼ਟ ਨਜ਼ਰੀ ਆਉਂਦਾ ਹੈ ਪਰੰਤੂ ਇਸ ਟਕਸਾਲ ਦੇ ਵਿਸ਼ੇਸ਼ ਅੰਦਾਜ਼ ਨੂੰ ਗਾਇਕੀ ਦੇ ਪੱਧਰ ਤੇ ਸੁਰੱਖਿਅਤ ਰੱਖਣ ਦੇ ਵਿਸ਼ੇਸ਼ ਉਪਰਾਲੇ ਨਹੀਂ ਹੋ ਰਹੇ। ਤਰਨਤਾਰਨ ਵਿਖੇ ਵੀ ਭਾਵੇਂ ਕੁਝ ਗੁਰਮਤਿ ਸੰਗੀਤ ਪ੍ਰੇਮੀ (ਭਾਈ ਜਸਪਾਲ ਸਿੰਘ ਆਦਿ) ਇਸ ਟਕਸਾਲ ਦੀ ਰੀਤ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਪਰੰਤੂ ਇਨ੍ਹਾਂ ਦੇ ਯਤਨਾਂ ਨੂੰ ਅੱਜੇ ਬੂਰ ਨਹੀਂ ਪੈ ਰਿਹਾ। ਜੇਕਰ ਤਰਨਤਾਰਨ ਟਕਸਾਲ ਦੀ ਸ਼ਬਦ ਗਾਇਕੀ ਨੂੰ ਕਾਇਮ ਰੱਖਣਾ ਹੈ ਤਾਂ ਜਰੂਰੀ ਹੈ ਕਿ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਦੀ ਅਗਵਾਈ ਵਿੱਚ ਮੁੜ ਟਕਸਾਲ ਦੀ ਪੁਨਰ ਸੁਰਜੀਤੀ ਕੀਤੀ ਜਾਵੇ ਤਾਂ ਜੋ ਇਸ ਟਕਸਾਲੀ ਗਾਇਕੀ ਦਾ ਪ੍ਰਵਾਹ ਆਉਣ ਵਾਲੀਆਂ ਪੀੜ੍ਹੀਆਂ ਤੱਕ ਕਾਇਮ ਰਹਿ ਸਕੇ।

ਬੁੱਢਾ ਜੌਹੜ ਟਕਸਾਲ

ਗੁਰਮਤਿ ਸੰਗੀਤ ਦੀ ਇਕ ਹੋਰ ਟਕਸਾਲ 'ਬੁੱਢਾ ਜੌਹੜ ਟਕਸਾਲ' ਹੈ। ਪੰਜਾਬ ਤੋਂ ਦੂਰ ਇਸ ਟਕਸਾਲ ਦਾ ਇਸ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਹੈ। ਬੁੱਢਾ ਜੋਹੜ ਅੱਜ ਤੋਂ ਦੋ ਸੌ ਸਾਲ ਪਹਿਲਾਂ ਗੁਰਮਤਿ ਸੰਗੀਤ ਦੇ ਕੇਂਦਰ ਵਜੋਂ ਪ੍ਰਸਿੱਧ ਹੋਇਆ। ਇਤਿਹਾਸ ਵਿੱਚ ਜਿਸ ਦਾ ਜ਼ਿਕਰ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਦੀ ਬਹਾਦਰੀ ਕਰਕੇ ਵਿਸ਼ੇਸ਼ ਹੈ। ਸ. ਸੁੱਖਾ ਸਿੰਘ ਪਿੰਡ ਕੰਬੋਮੜੀ ਅਤੇ ਸ. ਮਹਿਤਾਬ ਸਿੰਘ ਮੀਰਾਂਕੋਟ (ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ। ਇਨ੍ਹਾਂ ਨੇ ਸੰਨ ੧੭੪੦ ਵਿੱਚ ਮੱਸੇ ਰੰਗੜ ਦਾ ਸਿਰ ਕਲਮ ਕੀਤਾ ਸੀ ਜੋ ਕਿ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਨੂੰ ਭੰਗ ਕਰ ਰਿਹਾ ਸੀ। ਬੁੱਢਾ ਜੋਹੜ ਦੇ ਇਸ ਪਵਿੱਤਰ ਸਥਾਨ 'ਤੇ ਸਿੰਘਾਂ ਵਲੋਂ ਜਿਥੇ ਸ਼ਸਤਰ ਵਿੱਦਿਆ ਦੀ ਸਿਖਲਾਈ ਦਿੱਤੀ ਜਾਂਦੀ ਸੀ ਉਥੇ ਇਸ ਸਥਾਨ ਤੋਂ ਗੁਰਮਤਿ ਅਤੇ ਸ਼ਬਦ ਕੀਰਤਨ ਦਾ ਪ੍ਰਵਾਹ ਵੀ ਨਿਰੰਤਰ ਚਲਦਾ ਰਿਹਾ। ਇਸ ਸਥਾਨ 'ਤੇ ਸੰਤ ਫਤਹਿ ਸਿੰਘ ਚੰਨਣ ਸਿੰਘ ਜੀ ਨੇ ਇਕ ਬਹੁਤ ਹੀ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਹੈ। ਗੁਰਮਤਿ ਸੰਗੀਤ ਦੇ ਪੱਖ ਤੋਂ ਵਾਚੀਏ ਤਾਂ ਵੱਖ ਵੱਖ ਸਮੇਂ ਇਸ ਟਕਸਾਲ ਅਧੀਨ ਸਿੱਖ ਸੰਸਥਾਵਾਂ ਵਲੋਂ ਗੁਰਮਤਿ ਸੰਗੀਤ ਦਾ ਨਿਰੰਤਰ ਪ੍ਰਵਾਹ ਚਲ ਰਿਹਾ ਹੈ। ਇਸ ਸਥਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਸੰਤ ਫਤਹਿ ਸਿੰਘ ਚਨੰਣ ਸਿੰਘ ਸਿੱਖ ਮਿਸ਼ਨਰੀ ਕਾਲਜ' ਅਤੇ ਸਥਾਨਕ ਸਥਾਪਿਤ ਟਰੱਸਟ ਵਲੋਂ 'ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਗੁਰਮਤਿ ਸੰਗੀਤ ਵਿਦਿਆਲਿਆ' ਚਲਾਇਆ ਜਾ ਰਿਹਾ ਹੈ। ਸਿੱਖ ਮਿਸ਼ਨਰੀ ਕਾਲਜ ਵਿੱਚ ਸਮੇਂ ਸਮੇਂ ਪੰਥ ਦੇ ਪ੍ਰਸਿੱਧ ਸੰਗੀਤ ਵਿਦਵਾਨਾਂ ਨੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ। ਜਿਨ੍ਹਾਂ ਵਿੱਚ ਉਸਤਾਦ ਪ੍ਰੀਤਮ ਸਿੰਘ,

ਭਾਈ ਗੋਪਾਲ ਸਿੰਘ, ਭਾਈ ਨਿਰਮਲ ਸਿੰਘ ਖਾਲਸਾ ਜੀ, ਡਾ. ਗੁਰਦੇਵ ਸਿੰਘ ਦੇ ਨਾਮ ਪ੍ਰਮੁੱਖ ਹਨ। ਇਸ ਟਕਸਾਲ ਵਿੱਚੋਂ ਕਈ ਨਾਮੀ ਕੀਰਤਨੀਆਂ ਨੇ ਵਿਸ਼ਵ ਭਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ਹੈ।

ਗੁਰਮਤਿ ਸੰਗੀਤ ਦੀ ਦੌਧਰ ਟਕਸਾਲ

ਇਤਿਹਾਸਕ ਤੌਰ ਤੇ ਵਾਚੀਏ ਤਾਂ ਗੁਰੂ ਗੋਬਿੰਦ ਸਿੰਘ ਨੇ ਤਲਵੰਡੀ ਸਾਬੋ ਦੀ ਪਾਵਨ ਧਰਤ ਤੋਂ ਦਮਦਮੀ ਟਕਸਾਲ ਦਾ ਆਰੰਭ ਕੀਤਾ। ਗੁਰਮਤਿ ਸਿਧਾਂਤ, ਮਰਿਆਦਾ ਤੇ ਵਿਰਾਸਤ ਦੇ ਪ੍ਰਚਾਰ ਪ੍ਰਸਾਰ ਲਈ ਆਰੰਭਿਕ ਤੌਰ ਤੇ ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਦੀ ਅਗਵਾਈ ਵਿੱਚ ਦੋ ਟਕਸਾਲਾਂ ਵਿਕਸਤ ਹੋਈਆਂ। ਇਸ ਮਹੱਤਵਪੂਰਨ ਕਾਰਜ ਵਿੱਚ ਇਨ੍ਹਾਂ ਟਕਸਾਲਾਂ ਤੋਂ ਬਿਨਾਂ ਹੋਰ ਸੰਤ ਮਹਾਪੁਰਖਾਂ, ਵਿਦਵਾਨਾਂ ਅਤੇ ਸੰਸਥਾਵਾਂ ਨੇ ਭਰਪੂਰ ਯੋਗਦਾਨ ਪਾਇਆ ਹੈ। ਦਮਦਮੀ ਟਕਸਾਲ ਜਥਾਂ ਭਿੰਡਰਾਂ, ਮਹਿਤਾ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਇਕ ਪੁਸਤਕ ਵਿੱਚ ਗੁਰਮਤਿ ਕੀਰਤਨ ਦੀ ਦੌਧਰ ਟਕਸਾਲ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਮਾਲਵੇ ਦੀ ਧਰਤ 'ਤੇ ਮੋਗੇ ਜਿਲ੍ਹੇ ਵਿੱਚ ਵਸਿਆ ਪਿੰਡ ਦੌਧਰ ਵਿਖੇ ਨਿਰਮਲੇ ਸੰਤ ਸੁਧਾ ਸਿੰਘ ਜੀ ਦਾ ਇਕ ਵੱਡਾ ਡੇਰਾ ਸੀ। ਸੇਵਾ ਸਿਮਰਨ ਤੇ ਸ਼ਬਦ ਕੀਰਤਨ ਨਾਲ ਗੂੜੀ ਪ੍ਰੀਤ ਰੱਖਣ ਵਾਲੇ ਸੰਤ ਸੁਧਾ ਸਿੰਘ ਨੇ ਆਪਣੇ ਇਸ ਡੇਰੇ ਵਿੱਚ ਪਿੰਡ ਸੰਘੇੜੇ ਦੇ ਉਸਤਾਦ ਕਾਬਲ ਸਿੰਘ ਨੂੰ ਸੰਗੀਤ ਸਿਖਿਆ ਦੇਣ ਹਿਤ ਰੱਖਿਆ। ਸ਼ੁਰੂਆਤੀ ਦੌਰ ਵਿੱਚ ਭਾਵੇਂ ਵਿਦਿਆਰਥੀਆਂ ਦੀ ਗਿਣਤੀ ਘਟ ਸੀ, ਪਰ ਉਨ੍ਹਾਂ ਵਿੱਚ ਕਈ ਹੋਣਹਾਰ ਵਿਦਿਆਰਥੀ ਵੀ ਸਨ, ਜਿਨ੍ਹਾਂ ਵਿੱਚੋਂ ਭਾਈ ਬੀਰ ਸਿੰਘ ਇਕ ਸੀ ਜੋ ਬਾਅਦ ਵਿੱਚ ਇਸ ਟਕਸਾਲ ਦੇ ਮੁਖੀ ਵੀ ਰਹੇ। ਬਾਬਾ ਜੀ ਨੇ ਉਸਤਾਦ ਕਾਬਲ ਸਿੰਘ ਤੋਂ ਬਾਅਦ ਭਾਈ ਗੁਰਮੁਖ ਸਿੰਘ ਜੋ ਇਕ ਨਾਮੀ ਉਸਤਾਦ ਸਨ, ਨੂੰ ਟਕਸਾਲ ਵਿਖੇ ਲੈ ਕੇ ਆਏ। ਉਨ੍ਹਾਂ ਨੇ ਰਬਾਬੀ ਭਾਈ ਚਾਂਦ ਜੋ ਗੁਰੂ ਕਾਲ ਦੇ ਰਬਾਬੀ ਭਾਈ ਸੱਤਾ ਬਲਵੰਡ ਦੀ ੧੫ਵੀਂ ਪੀੜ੍ਹੀ ਵਿੱਚੋਂ ਸਨ, ਤੋਂ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ ਸੀ। ਭਾਈ ਗੁਰਮੁਖ ਸਿੰਘ ਸ਼ਬਦ ਕੀਰਤਨ ਤੋਂ ਇਲਾਵਾ ਵਿਭਿੰਨ ਤੰਤੀ ਸਾਜ਼ਾਂ ਅਤੇ ਤਬਲਾ ਤੇ ਪਖਾਵਜ ਦੇ ਧਨੀ ਸਨ। ਭਾਈ ਗੁਰਮੁਖ ਸਿੰਘ ਨੇ ਇਸ ਟਕਸਾਲ ਵਿੱਚ ਰਹਿ ਕੇ ਲੰਬਾ ਸਮਾਂ ਵਿਦਿਆਰਥੀਆਂ ਨੂੰ ਕੀਰਤਨ ਦੀ ਦਾਤ ਬਖਸ਼ੀ ਅਤੇ ਉਨ੍ਹਾਂ ਨੂੰ ਗੁਰੂ ਕਾਲ ਤੋਂ ਸੀਨ੍ਹਾਬ੍ਹਸੀਨਾ ਚਲੀਆਂ ਆ ਰਹੀਆਂ ਰਬਾਬੀ ਬੰਦਿਸ਼ਾਂ ਵਿਰਸੇ ਦੇ ਰੂਪ ਵਿੱਚ ਪ੍ਰਦਾਨ ਕੀਤੀਆਂ।

ਦੌਧਰ ਟਕਸਾਲ ਦੇ ਦੂਜੇ ਮੁਖੀ ਬੀਰ ਸਿੰਘ ਜੋ ਕਿ ਇਸ ਟਕਸਾਲ ਦੇ ਪਹਿਲੇ ਵਿਦਿਆਰਥੀ ਵੀ ਸਨ, ਨੇ ੪੦ ਸਾਲ ਇਸ ਟਕਸਾਲ ਵਿਖੇ ਸੇਵਾ ਨਿਭਾਈ। ਜਿਥੇ ਆਪ ਨੇ ਇਸ ਟਕਸਾਲ ਦੇ ਪ੍ਰਬੰਧਕੀ ਕਾਰਜ ਨੂੰ ਬੜੀ ਕੁਸ਼ਲਤਾ ਨਾਲ ਨਿਭਾਇਆ, ਉਥੇ ਗੁਰਮਤਿ ਸੰਗੀਤ ਖੇਤਰ ਵਿੱਚ ਵੀ ਵਿਸ਼ੇਸ਼ ਸੇਵਾਵਾਂ ਦਿਤੀਆਂ। ਆਪ ਬਹੁਤ ਹੀ ਸੁਰੀਲੇ ਕੀਰਤਨੀਏ ਸਨ। ਆਪ ਤੰਤੀ ਸਾਜ਼ ਸਾਰੰਦੇ ਨਾਲ ਕੀਰਤਨ ਕਰਿਆ ਕਰਦੇ ਸਨ। ਆਪ ਦੇ ਉਸਤਾਦ ਨੇਤਰਹੀਣ ਹੋਣ ਕਰਕੇ ਆਪ ਦੇ ਮਨ ਵਿੱਚ ਨੇਤਰਹੀਣ ਵਿਦਿਆਰਥੀਆਂ ਪ੍ਰਤੀ ਬਹੁਤ ਲਗਾਵ ਸੀ। ਆਪਣੀ ਦਿਲੀ ਇੱਛਾ ਨੂੰ ਸਾਕਾਰ ਕਰਨ ਹਿਤ ਆਪ ਨੇ ਦੂਰ ਦੂਰ ਤੋਂ ਨੇਤਰਹੀਣ ਵਿਦਿਆਰਥੀ ਲਿਆ ਕੇ ਟਕਸਾਲ ਵਿੱਚ ਸ਼ਾਮਲ ਕੀਤੇ ਅਤੇ ਉਨ੍ਹਾਂ ਨੂੰ ਕੀਰਤਨ ਦੀ ਵਡਮੁੱਲੀ ਪਰੰਪਰਾ ਨਾਲ ਜੋੜਿਆ। ਵਿਦਿਆਰਥੀਆਂ ਦੀਆਂ ਆਪ ਕਲਾਸਾਂ ਲਗਾਕੇ ਉਨ੍ਹਾਂ ਨੂੰ ਗੁਰਮਤਿ ਸੰਗੀਤ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਉਂਦੇ ਰਹਿੰਦੇ ਸਨ।

ਦੌਧਰ ਪਿੰਡ ਦੇ ਹੀ ਜੰਮਪਲ ਭਾਈ ਮੰਗਲ ਸਿੰਘ ਇਸ ਟਕਸਾਲ ਦੇ ਤੀਜੇ ਮੁਖੀ ਹੋਏ। ਆਪ ਨੇ ਦੌਧਰ ਟਕਸਾਲ ਵਿੱਚ ਚਲ ਰਹੇ ਗੁਰਮਤਿ ਸੰਗੀਤ ਦੇ ਪ੍ਰਵਾਹ ਨੂੰ ਕਾਇਮ ਰਖਦਿਆਂ ਇਸ ਖੇਤਰ ਦੇ ਕਈ ਉਚ ਕੋਟੀ ਵਿਦਵਾਨ ਉਸਤਾਦਾਂ ਨੂੰ ਟਕਸਾਲ ਵਿਖੇ ਲਿਆਂਦਾ ਜਿਨ੍ਹਾਂ ਵਿੱਚ ਭਾਈ ਖੁਸ਼ਹਾਲ ਸਿੰਘ, ਭਾਈ ਜੈਮਲ ਸਿੰਘ, ਭਾਈ ਉਜਾਗਰ ਸਿੰਘ 'ਰਣੀਏ' ਵਿਸ਼ੇਸ਼ ਹਨ।

ਦੌਧਰ ਟਕਸਾਲ ਦੇ ਚੌਥੇ ਮੁਖੀ ਬਾਬਾ ਸੰਤਾ ਸਿੰਘ ਜੀ ਹੋਏ ਜਿਨ੍ਹਾਂ ਨੇ ਟਕਸਾਲ ਵਿਖੇ ਤਕਰੀਬਨ ੩੮ ਸਾਲ ਸੇਵਾ ਨਿਭਾਈ। ਸੰਗੀਤ ਦੇ ਗਿਆਨ ਤੋਂ ਸਖਣੇ ਹੋਣ ਕਰਕੇ ਬਾਬਾ ਸੰਤਾ ਸਿੰਘ ਨੇ ਸੰਗੀਤ ਵਿਦਿਆਲੇ ਦੀ ਪੱਗ ਉਸਤਾਦ ਉਜਾਗਰ ਸਿੰਘ ਨੂੰ ਦਿਤੀ ਜੋ ਭਾਈ ਬੀਰ ਸਿੰਘ ਦੇ ਸ਼ਗਿਰਦ ਸਨ। ਆਪਣੇ ਵਿਸ਼ੇ ਦੇ ਮਾਹਿਰ ਉਸਤਾਦ ਉਜਾਗਰ ਸਿੰਘ ਨੇ ਟਕਸਾਲ ਦੀ ਸੰਗੀਤਕ ਪਰੰਪਰਾ ਨੂੰ ਕਾਇਮ ਰਖਦਿਆਂ ਹੋਇਆਂ ਅਨੇਕ ਵਿਦਿਆਰਥੀ ਗੁਰਮਤਿ ਸੰਗੀਤ ਨੂੰ ਦਿਤੇ ਜਿਨ੍ਹਾਂ ਵਿੱਚ ਭਾਈ ਗੁਰਦਿਆਲ ਸਿੰਘ ਰਣੀਏ, ਭਾਈ ਏਕਮਾ ਸਿੰਘ, ਰਾਗੀ ਆਤਮਾ ਸਿੰਘ ਅਤੇ ਰਾਗੀ ਬਚਿਤ ਸਿੰਘ ਵਿਸ਼ੇਸ਼ ਹਨ।

ਸੰਤ ਸੁਭਾਅ ਦੇ ਮਾਲਕ ਸੰਤ ਬਾਬਾ ਉਜਾਗਰ ਸਿੰਘ ਦੌਧਰ ਟਕਸਾਲ ਦੇ ਪੰਜਵੇਂ ਮੁਖੀ ਹੋਏ। ਸਮੇਂ ਦੇ ਨਾਜੁਕ ਹਾਲਾਤਾਂ ਕਾਰਨ ਉਹ ਟਕਸਾਲ ਤੇ ਆਪਣਾ ਧਿਆਨ ਕੇਂਦਰਿਤ ਨਾ ਕਰ ਸਕੇ ਜਿਸ ਕਾਰਨ ਦੌਧਰ ਟਕਸਾਲ ਦੇ ਸੰਗੀਤਕ ਪ੍ਰਵਾਹ ਵਿੱਚ ਵੀ ਥੋੜਾ ਝੁਕਾਅ ਆਇਆ। ਬਾਬਾ ਉਜਾਗਰ ਸਿੰਘ ਤੋਂ ਬਾਅਦ ਬਾਬਾ ਲਖਵੀਰ ਸਿੰਘ ਨੇ ਇਸ ਟਕਸਾਲ ਦੀ ਬਾਗਡੋਰ ਸੰਭਾਲੀ। ਵਰਤਮਾਨ ਸਮੇਂ ਵੀ ਆਪ ਵਲੋਂ ਟਕਸਾਲ ਦੇ ਨਿਰੰਤਰ ਵਿਕਾਸ ਲਈ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ। ਆਪ ਵਲੋਂ ਇਸ ਟਕਸਾਲ ਦੀ ਇਕ ਸੁੰਦਰ ਇਮਾਰਤ ਵੀ ਬਣਾਈ ਜਾ ਰਹੀ ਹੈ।

ਦੌਧਰ ਟਕਸਾਲ ਦੇ ਵਿਦਿਆਰਥੀ ਸੰਤ ਸਰਵਣ ਸਿੰਘ ਗੰਧਰਵ ਜਿਨ੍ਹਾਂ ਨੇ ਬਾਅਦ ਵਿੱਚ ਡੁਮੇਲੀ ਵਿਖੇ ਗੁਰਮਤਿ ਸੰਗੀਤ ਟਕਸਾਲ ਸਥਾਪਤ ਕੀਤੀ, ਵੀ ਰਹੇ। ਆਪ ਅਨੇਕਾਂ ਵੱਖ-ਵੱਖ ਸਾਜ਼ਾਂ ਦੇ ਗਿਆਤਾ ਸਨ ਜਿਨ੍ਹਾਂ ਵਿੱਚ ਸਿਤਾਰ, ਪਿਆਨੋ, ਹਾਰਮੋਨੀਅਮ, ਵਾਇਲਨ, ਦੋ ਤਾਰਾ, ਤਬਲਾ ਆਦਿ ਵਿਸ਼ੇਸ਼ ਸਨ। ਆਪ ਦੀ ਸੁਰ ਸਿਮਰਣ ਸੰਗੀਤੋ ਗੁਰਮਤਿ ਸੰਗੀਤ ਜਗਤ ਨੂੰ ਵਿਸ਼ੇਸ਼ ਦੇਣ ਹੈ ਜਿਸ ਦੇ ਸੱਤ ਭਾਗਾਂ ਵਿੱਚ ਗੁਰਮਤਿ ਸੰਗੀਤ ਦੇ ਸਿਧਾਂਤਕ ਤੇ ਵਿਹਾਰਕ ਪੱਖਾਂ ਸਬੰਧੀ ਵਿਸਤ੍ਰਿਤ ਜਾਣਕਾਰੀ ਦਿਤੀ ਗਈ ਹੈ। ਇਸ ਟਕਸਾਲ ਦੇ ਹੀ ਇਕ ਹੋਰ ਵਿਦਿਆਰਥੀ ਉਸਤਾਦ ਜਸਵੰਤ ਸਿੰਘ ਤੀਬਰ ਨੇ ਦੌਧਰ ਟਕਸਾਲ ਵਿੱਚ ਰਹਿੰਦੇ ਹੋਏ ਤਾਊਸ ਤੇ ਸਾਰੰਦੇ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤੋਂ ਇਲਾਵਾ ਆਪ ਹਾਰਮੋਨੀਅਮ, ਵਾਇਲਨ, ਦੋ ਤਾਰਾ, ਤਬਲਾ ਆਦਿ ਅਨੇਕਾਂ ਸਾਜ਼ਾਂ ਦੀ ਜਾਣਕਾਰੀ ਰਖਦੇ ਸਨ। ਆਪ ਨੇ ਵੱਖ-ਵੱਖ ਸਥਾਨਾਂ ਤੇ ਭ੍ਰਮਣ ਕਰਦਿਆਂ ਦੌਧਰ ਟਕਸਾਲ ਦੀ ਸੰਗੀਤਕ ਪੁਸ਼ਪ ਨੂੰ ਬਿਖੇਰਿਆ। ਆਪ ਦੀ ਸ਼ਬਦ ਰਚਨਾਵਾਂ ਦੀ ਵੱਡਮੁੱਲੀ ਪੁਸਤਕ 'ਸੰਗੀਤ ਸਾਗਰ', ਜਿਸ ਵਿੱਚ ੧੯ ਰਾਗਾਂ ਦੀ ਤਕਰੀਬਨ ੪੪੧ ਸ਼ਬਦ ਕੀਰਤਨ ਰਚਨਾਵਾਂ ਦਰਜ ਹਨ, ਆਪਣੇ ਆਪ ਵਿੱਚ ਇਕ ਵਿਲੱਖਣ ਪੁਸਤਕ ਹੈ। ਇਸ ਪੁਸਤਕ ਨੂੰ ਦੌਧਰ ਟਕਸਾਲ ਦਾ ਸਰਮਾਇਆ ਵੀ ਕਿਹਾ ਜਾ ਸਕਦਾ ਹੈ। ਉਸਤਾਦ ਜਸਵੰਤ ਸਿੰਘ ਤੀਬਰ ਕੋਲੋਂ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਉਸਤਾਦ ਸੁਰਜੀਤ ਸਿੰਘ ਨੇ ਆਪਣੇ ਜੀਵਨ ਦਾ ਵਡੇਰਾ ਸਮਾਂ ਗੁਰਮਤਿ ਸੰਗੀਤ ਦੀ ਸਿੱਖਿਆ ਦੇਣ ਹਿਤ ਗੁਜਾਰਿਆ। ਆਪ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਤਿੰਨ ਪੁਸਤਕਾਂ 'ਗੁਰਮਤਿ ਸੰਗੀਤ ਪੱਧਤੀ ਵਿੱਚ ਗਉੜੀ ਦੇ ਪ੍ਰਕਾਰ', 'ਰਾਗ ਮਾਲਾ ਰਤਨਾਕਰ', ਅਤੇ 'ਦਸਮ ਗੁਰੂ ਗਿਰਾ ਛੰਦ' ਰਚੀਆਂ ਗਈਆਂ।

ਉਕਤ ਤੋਂ ਇਲਾਵਾ ਦੌਧਰ ਟਕਸਾਲ ਵਿੱਚ ਸਮੇਂ-ਸਮੇਂ ਹੋਰ ਕਈ ਉਚ ਕੋਟੀ ਦੇ ਸੰਗੀਤ ਵਿਦਵਾਨ ਗੁਰਮਤਿ ਸੰਗੀਤ ਦੀ ਤਾਲੀਮ ਵੀ ਦਿੰਦੇ ਰਹੇ ਜਿਨ੍ਹਾਂ ਵਿੱਚ ਮਹੰਤ ਗੱਜਾ ਸਿੰਘ, ਰਾਗੀ ਹੀਰਾ ਸਿੰਘ, ਭਾਈ ਦੱਲ ਸਿੰਘ, ਭਾਈ ਸੁੱਚਾ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਰਾਜਿੰਦਰ ਸਿੰਘ, ਭਾਈ ਅਮਰੀਕ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਬਾਬਾ ਹਰਮੋਹਨ ਸਿੰਘ ਗਗੜਾ, ਉਸਤਾਦ ਜੈਮਲ ਸਿੰਘ, ਉਸਤਾਦ ਜਸਵੰਤ ਸਿੰਘ ਤੀਬਰ, ਉਸਤਾਦ ਸੁਰਜੀਤ ਸਿੰਘ ਆਦਿ ਵਿਸ਼ੇਸ਼ ਹਨ।

ਦੌਧਰ ਟਕਸਾਲ ਦੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਲੰਬੇਰੀ ਹੈ। ਇਨ੍ਹਾਂ ਵਿੱਚ ਪ੍ਰਮੁੱਖ ਦੇ ਨਾਮ ਭਾਈ ਖੁਸ਼ਹਾਲ ਸਿੰਘ, ਰਾਗੀ ਕੇਹਰ ਸਿੰਘ, ਰਾਗੀ ਜਗਤ ਸਿੰਘ, ਭਾਈ ਗੁਰਦਿਆਲ ਸਿੰਘ ਰਣੀਏ,

ਰਾਗੀ ਸੁਖਦੇਵ ਸਿੰਘ ਰਣੀਏ, ਭਾਈ ਗੁਰਦਿਆਲ ਸਿੰਘ ਸਲ੍ਹੀਣੀ, ਰਾਗੀ ਨਿਹਾਲ ਸਿੰਘ, ਰਾਗੀ ਏਕਮਾ ਸਿੰਘ, ਰਾਗੀ ਆਤਮਾ ਸਿੰਘ, ਬਾਬਾ ਭਾਗ ਸਿੰਘ (ਨਾਨਕਸਰ, ਕਲੇਰਾਂ), ਬੀਬੀ ਹਰਜੋਧ ਕੌਰ (ਬੜੂ ਸਾਹਿਬ), ਡਾ. ਪੂਰਵੀ, ਭਾਈ ਗੁਰਮੀਤ ਸਿੰਘ, ਭਾਈ ਮਨੋਹਰ ਸਿੰਘ ਵਿਸ਼ੇਸ਼ ਹਨ।

ਵਰਤਮਾਨ ਸਮੇਂ ਦੌਧਰ ਟਕਸਾਲ ਦੇ ਉਸਤਾਦ ਵਿਦਵਾਨ ਕੀਰਤਨੀਏ ਪ੍ਰੋ. ਰਣਜੀਤ ਸਿੰਘ, ਲਾਸ ਐਂਜਲਸ, ਅਮਰੀਕਾ ਅਤੇ ਸ. ਹਰਕੀਰਤ ਸਿੰਘ ਸੁਪੱਤਰ ਸ. ਜਸਵੰਤ ਸਿੰਘ ਤੀਬਰ, ਸਰੇ, ਕੈਨੇਡਾ ਵਿਖੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਹਨ। ਦੌਧਰ ਟਕਸਾਲ ਦੀ ਵਿਸ਼ਾਲ ਗੁਰਮਤਿ ਸੰਗੀਤ ਸਮੱਗਰੀ ਦੇ ਭੰਡਾਰ ਵਿੱਚੋਂ ਕੁਝ ਭਾਵੇਂ ਪੁਸਤਕ 'ਸੰਗੀਤ ਸਾਗਰ' ਦੁਆਰਾ ਪ੍ਰਕਾਸ਼ਤ ਹੋਇਆ ਹੈ ਫਿਰ ਵੀ ਵੱਖ-ਵੱਖ ਕੀਰਤਨੀਆਂ ਕੋਲੋਂ ਇਸ ਸ਼ਬਦ ਕੀਰਤਨ ਰਚਨਾਵਾਂ ਦਾ ਇਹ ਸਰਮਾਇਆ ਇਕੱਤਰ ਕਰਕੇ ਪ੍ਰਕਾਸ਼ਿਤ ਕਰਨ ਦੀ ਜ਼ਰੂਰਤ ਹੈ।

"ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਨਾਲ ਸੰਬੰਧਤ ਅੰਮ੍ਰਿਤ ਕੀਰਤਨ ਦੇ ਇਸ ਅੰਕ ਵਿੱਚ ਅਸੀਂ ਵਿਸ਼ਵ ਪ੍ਰਸਿਧ ਗੁਰਮਤਿ ਸੰਗੀਤਾਚਾਰੀਅ ਡਾ. ਗੁਰਨਾਮ ਸਿੰਘ ਜੀ ਹੋਰਾਂ ਦੇ ਅਜੀਤ ਅਖਬਾਰ ਵਿੱਚ ਛਪੇ ਵਿਸ਼ੇਸ਼ ਲੇਖਾਂ ਨੂੰ ਸਤਿਕਾਰ ਨਾਲ ਪ੍ਰਕਾਸ਼ਿਤ ਕਰਨ ਦਾ ਮਾਣ ਲੈ ਰਹੇ ਹਾਂ। ਇਸ ਪਿਛੇ ਸਾਡਾ ਉਦੇਸ਼ ਗੁਰਮਤਿ ਸੰਗੀਤ ਵਿੱਚ ਟਕਸਾਲਾਂ ਦੇ ਯੋਗਦਾਨ ਨੂੰ ਉਜਾਗਰ ਕਰਨਾ ਹੈ।"

– ਡਾ. ਗੁਰਦੇਵ ਸਿੰਘ

ਮੈਗਜ਼ੀਨ ਮਿਲਣ ਤੇ ਸੂਚਿਤ ਜ਼ਰੂਰ ਕਰੋ ਜੀ:
ਸੰਪਾਦਕ – 9855640630

ਡਾ. ਜਾਗੀਰ ਸਿੰਘ ਦੀ ਨਵੀਂ ਪੁਸਤਕ 'ਕਰਉ ਬੇਨਤੀਆ' ਪ੍ਰਾਪਤ ਕਰਨ ਲਈ ਸੰਪਰਕ ਕਰੋ:
ਮੋ. 9855640630

Bibi Jaswant Kaur



Bibi Jaswant Kaur Ji was the only known student of Bhai Taba Ji, the legendary Rababi Kirtaniya who, alongside Bhai Chand Ji, was among the eminent Kirtaniyas at Sri Harmandir Sahib before 1947.

Bhai Taba Ji rendered tremendous service to the Sikh Panth. Working with Gyani Gian Singh Ji Abbottabadi and Gyani Dyal Singh Ji, He helped document numerous ancient Gurmat Sangeet compositions, preserving an important part of Sikh musical heritage.

As a young woman in Amritsar, Bibi Jaswant Kaur Ji studied Gurmat Sangeet with Bhai Taba Ji for sixteen years, becoming an important link to the Rababi tradition. Following Partition, with most Rababis migrating to Pakistan, this tradition suffered considerable disruption and much of its repertoire was lost.

Bibi Ji recorded several compositions taught to her by Bhai Taba Ji, accompanied on tabla by Bhai Kavinder Singh Ji, a student of Gyani Dyal Singh Ji. She also kindly gave me a tape of her recordings. Although the recording quality is modest, these recordings are priceless musical and historical resources for those seeking to study and revive the Rababi repertoire. Several of the compositions are also documented in the works of Gyani Gian Singh Ji Abbottabadi.

Bibi Jaswant Kaur Ji's story reminds us of the vital contribution women have made to the preservation and transmission of Gurmat Sangeet. We need more women to come forward as students, teachers, researchers and Kirtaniyas. Our Kirtan stages should resound with their voices. Providing women with opportunities to learn, perform and share their musical knowledge enriches the entire tradition and helps ensure its future.

May Bibi Jaswant Kaur Ji's example inspire many more women to learn, preserve and grace our Kirtan stages. Their voices have an important place in the continuing story of Gurmat Sangeet.

Acknowledgement
We are grateful to the 'Gurmat Sangeet Project' for documenting and sharing Bibi Jaswant Kaur Ji's life story and for making a collection of her recordings available. These recordings are an important resource for the study and preservation of the Rababi tradition.

Original URL:

http://www.gurmatsangeetproject.com/Pages/JaswantKaur.aspx

ਨਵੇਂ ਕੀਰਤਨੀਏ

ਭਾਈ ਨਿਰਭੈ ਸਿੰਘ

ਹਜ਼ੂਰੀ ਰਾਗੀ ਤਖ਼ਤ ਸ਼੍ਰੀ ਦਮਦਮਾ ਸਾਹਿਬ

ਅਰਸ਼ਦੀਪ ਸਿੰਘ



ਆਪ ਜੀ ਦੇ ਪਿਤਾ ਦਾ ਨਾਂ ਸ. ਸੰਤ ਸਿੰਘ ਹੈ। ਆਪ ਜੀ ਧਰਮਕੋਟ, ਜਿਲਾ ਮੋਗਾ ਵਿਖੇ ਜਨਮੇ ਅਤੇ ਉਥੇ ਹੀ ਵੱਡੇ ਹੋਏ।

ਆਪ ਜੀ ਨੇ ਐਮ.ਏ. ਪੰਜਾਬੀ ਦੀ ਡਿਗਰੀ ਹਾਸਿਲ ਕੀਤੀ ਅਤੇ ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ ਵਿਖੇ ਸੰਗੀਤ ਦੇ ਕੋਰਸ ਵਿੱਚ ਦੋ ਸਾਲ ਪੂਰੇ ਕੀਤੇ। ਆਪ ਜੀ ਦੇ ਪਿਤਾ ਗ੍ਰੰਥੀ ਵੀ ਹਨ ਅਤੇ ਖੇਤੀ ਵੀ ਕਰਦੇ ਹਨ।

ਆਪ ਜੀ ਨੂੰ ਸੰਗੀਤ ਦਾ ਸ਼ੌਂਕ ਉਦੋਂ ਲੱਗਿਆ ਜਦ ਆਪ ਜੀ ਗੁਰਦੁਆਰਾ ਸਾਹਿਬ ਆਪਣੇ ਪਿਤਾ ਜੀ ਨਾਲ ਸੇਵਾ ਕਰਾਉਂਦੇ ਸੀ ਅਤੇ ਉਥੇ ਆਏ ਕੀਰਤਨੀਆਂ ਨੂੰ ਸੁਣਦੇ ਸੀ। ਆਪ ਜੀ ਨੇ ਆਪਣੀ ਸੰਗੀਤਕ ਸਿੱਖਿਆ ਪਹਿਲਾਂ ਉਸਤਾਦ ਸੁਰਜੀਤ ਸਿੰਘ – ਲੰਢੇਕੇ ਪਿੰਡ, ਜਿਲਾ ਮੋਗਾ ਤੋਂ ਪ੍ਰਾਪਤ ਕੀਤੀ (੨੦੦੭–੦੯), ਅਤੇ ਫੇਰ ਆਪ ਜੀ ਨੇ ਜਵੱਦੀ ਟਕਸਾਲ (੨੦੦੯–੧੦) ਤੋਂ ਸਿੱਖਿਆ ਪ੍ਰਾਪਤ ਕੀਤੀ।

ਆਪ ਜੀ ਜਵੱਦੀ ਟਕਸਾਲ ਦੇ ਪੜਤਾਲ ਗਾਇਨ ਮੁਕਾਬਲੇ ਵਿੱਚ ਦੂਜੇ ਸਥਾਨ ਤੇ ਰਹੇ ਅਤੇ ਆਪ ਜੀ ਕਾਲਜ ਅਤੇ ਸਕੂਲ ਵਿੱਚ ਵੀ ਸੰਗੀਤ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹੇ। ਆਪ ਜੀ ਨੇ ੨੦੧੦ ਵਿੱਚ ਸੁਤੰਤਰ ਤੌਰ ਤੇ ਕੀਰਤਨ ਕਰਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਦਾ ਆਪ ਜੀ ਨੇ ਕੀਰਤਨ ਕਰਨਾ ਸ਼ੁਰੂ ਕੀਤਾ ਹੈ ਉਦੋਂ ਦੇ ਆਪ ਜੀ ਹੈੱਡ ਰਾਗੀ ਵਜੋਂ ਹੀ ਸੇਵਾ ਨਿਭਾ ਰਹੇ ਹੋਂ।

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਧਰਮਕੋਟ, ਜਿਲਾ ਮੋਗਾ ਵਿਖੇ ਆਪ ਜੀ ਨੇ ਬਤੌਰ ਕੀਰਤਨੀਆ ਅਤੇ ਗ੍ਰੰਥੀ ਸਿੰਘ ਦੀ ਸੇਵਾ ੨੦੧੦ ਵਿੱਚ ਅਰੰਭ ਕੀਤੀ। ਫੇਰ ਆਪ ਜੀ ਗੁਰਦੁਆਰਾ ਸੰਤ ਪੂਰਨ ਸਿੰਘ ਜੀ, ਧਰਮਕੋਟ ਵਿਖੇ ੨੦੧੪ ਤੱਕ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ੨੦੧੯ ਤੋਂ ਆਪ ਜੀ ਤਖ਼ਤ ਦਮਦਮਾ ਸਾਹਿਬ ਦੇ ਹਜ਼ੂਰੀ ਰਾਗੀ ਵਜੋਂ ਸੇਵਾ ਨਿਭਾ ਰਹੇ ਹਨ।

ਆਪ ਜੀ ਨੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ; ਗੁਰਦੁਆਰਾ ਸੰਤ ਪੂਰਨ ਸਿੰਘ ਜੀ, ਧਰਮਕੋਟ; ਗੁਰਦੁਆਰਾ ਸਿੱਖ ਸੰਗਤ, ਬ੍ਰੈਂਪਟਨ (ਕੈਨੇਡਾ); ਆਦਿ ਗੁਰਦੁਆਰਿਆਂ ਵਿਖੇ ਸੇਵਾਵਾਂ ਨਿਭਾਈਆਂ। ਆਪ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਕੀਰਤਨ ਹਾਜ਼ਰੀ ਭਰ ਚੁੱਕੇ ਹਨ। ਆਪ ਜੀ ਦੇ ਜੱਥੇ ਨੂੰ ਸ਼੍ਰੀ ਕਮਲ ਖੈਰਾ (ਐਮ.ਪੀ. ਬ੍ਰੈਂਪਟਨ) ਵੱਲੋਂ ਪ੍ਰਸ਼ੰਸਾ ਪੱਤਰ ਵੀ ਦਿੱਤਾ ਗਿਆ ਸੀ।

ਆਪ ਜੀ ਦੇ ਜੱਥੇ ਵਿੱਚ ਭਾਈ ਹਰਦੀਪ ਸਿੰਘ (ਜੋੜੀ), ਭਾਈ ਪ੍ਰਿਤਪਾਲ ਸਿੰਘ (ਸਹਾਇਕ), ਅਤੇ ਭਾਈ ਗਗਨਦੀਪ ਸਿੰਘ (ਤੰਤੀ ਸਾਜ) ਆਪ ਜੀ ਦੇ ਨਾਲ ਸਾਥ ਨਿਭਾ ਰਹੇ ਹਨ। ਆਪ ਜੀ ਨੂੰ ਵੱਖ–ਵੱਖ

ਕੀਰਤਨ ਚੌਂਕੀਆਂ ਦੇ ਰਾਗਾਂ 'ਚ ਮੁਹਾਰਤ ਹਾਸਿਲ ਹੈ। ਆਪ ਜੀ ਨੇ ਵੈਸਾਖੀ ਵੇਲੇ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਸ਼ਹੀਦੀ ਸਭਾ, ਜੋੜ ਮੇਲਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਵੀ ਕੀਰਤਨ ਹਾਜ਼ਰੀਆਂ ਭਰੀਆਂ।

ਆਪ ਜੀ ਨੇ ੨੦੧੬ ਵਿੱਚ ਗੁਦੁਆਰਾ ਸੈਨ ਦੁਆਬ, ਮਲੇਸ਼ੀਆ ਵਿਖੇ ਕੁਝ ਮਹੀਨੇ, ਅਤੇ ੨੦੨੪ ਵਿੱਚ ਕੈਨੇਡਾ ਦੇ 'ਗੁਰਦੁਆਰਾ ਸਿੱਖ ਸੰਗਤ' ਵਿਖੇ ੬ ਮਹੀਨੇ ਕੀਰਤਨ ਸੇਵਾਵਾਂ ਨਿਭਾਈਆਂ।

ਆਪ ਜੀ ਨੂੰ ਕੀਰਤਨ ਦੇ ਨਾਲ-ਨਾਲ ਐਕਟਿੰਗ ਦਾ ਵੀ ਸ਼ੌਕ ਸੀ। ਆਪ ਜੀ ਪੰਜਾਬ ਯੂਨਿਵਰਸਿਟੀ ਵਿਖੇ ਕ੍ਰਿਕੇਟ ਵੀ ਖੇਡਦੇ ਰਹੇ ਹੋਂ। ਆਪ ਜੀ ਨੇ ਧਰਮਕੋਟ ਅਤੇ ਦਮਦਮਾ ਸਾਹਿਬ ਵਿਖੇ ਕੁਝ ੨੦ ਕੁ ਵਿਦਿਆਰਥੀ ਨੂੰ ਕੀਰਤਨ ਸਿਖਲਾਈ ਦਿੱਤੀ।

ਆਪ ਜੀ ਦਾ ਇਹ ਮੰਨਣਾ ਹੈ ਕਿ ਕੀਰਤਨ ਗੁਰੂ ਸਾਹਿਬ ਜੀ ਦੇ ਹੁਕਮ, ਸਿਧਾਂਤ, ਅਤੇ ਮਰਿਆਦਾ ਅਨੁਸਾਰ ਹੋਣਾ ਚਾਹੀਦਾ ਹੈ। "ਕੀਰਤਨ ਆਤਮਾ ਤੇ ਪ੍ਰਮਾਤਮਾ ਦੇ ਮਿਲਾਪ ਦਾ ਸਾਧਨ ਹੈ। ਕੀਰਤਨ ਵਿੱਚ ਚੰਚਲਤਾ ਨਹੀਂ ਲਿਆਉਣੀ ਚਾਹੀਦੀ, ਟਿਊਨ ਕਦੇ ਵੀ ਪ੍ਰਧਾਨ ਨਹੀਂ ਬਣਨੀ ਚਾਹੀਦੀ। ਕੀਰਤਨ ਰਾਗ-ਬਧ ਹੋਵੇ ਅਤੇ ਕੀਰਤਨ ਸਹਿਜ, ਬੈਰਾਗ, ਸ਼ਬਦ ਦੇ ਭਾਵ ਨੂੰ ਪੇਸ਼ ਕਰਨ ਵਾਲੀ ਧੁਨ ਵਿੱਚ ਹੀ ਕੀਤਾ ਜਾਵੇ, ਜਿਵੇਂ ਪੁਰਾਤਨ ਕੀਰਤਨੀਏ ਰੀਤਾਂ ਗਾਇਆ ਕਰਦੇ ਸਨ। ਕੀਰਤਨ ਨੂੰ ਇਕੱਲਾ ਸੰਗੀਤਕ ਤੌਰ ਤੇ ਨਹੀਂ ਦੇਖਣਾ ਚਾਹੀਦਾ – ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥"

ਆਪ ਜੀ ਭਾਈ ਸਾਹਿਬ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ; ਅਤੇ ਪ੍ਰੋ. ਕੰਵਰਦੀਪ ਸਿੰਘ (ਦੇਹਰਾਦੂਨ) ਜਦ ਜਵੱਦੀ ਟਕਸਾਲ ਆਏ ਤਾਂ ਉਹਨਾਂ ਤੋਂ ਬਹੁਤ ਪ੍ਰਭਾਵਿਤ ਹੋਏ।



ਭਾਈ ਸਾਹਿਬ ਭਾਈ ਨਿਰਭੈ ਸਿੰਘ ਜੀ ਅਤੇ ਜੱਥਾ

(ਨਵੇਂ ਕੀਰਤਨੀਏ – ਭਾਗ ੩)

ਪੁਸਤਕ ਰੀਵਿਊ

ਗੁਰੂਆਂ ਅਤੇ ਭਗਤਾਂ ਦੇ ਕਥਨ

ਪ੍ਰੋ. ਨਵ ਸੰਗੀਤ ਸਿੰਘ



ਸੁਖਦੇਵ ਸਿੰਘ ਸ਼ਾਂਤ ਪਿਛਲੇ ਲੱਗ-ਭੱਗ ਇੱਕ ਦਹਾਕੇ ਤੋਂ ਗੁਰਮਤਿ ਸਾਹਿਤ ਦੇ ਅਧਿਐਨ ਵਿੱਚ ਰੁੱਝੇ ਹੋਏ ਹਨ। ਉਂਜ ਉਨ੍ਹਾਂ ਦਾ ਸਾਹਿਤ ਪ੍ਰਤੀ ਲਗਾਓ ਚਿਰੋਕਣਾ ਹੈ। ਉਨ੍ਹਾਂ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿੱਚ ਮੁੱਲਵਾਨ ਕਾਰਜ ਕੀਤਾ ਹੈ, ਜਿਸ ਵਿੱਚ ਮਿੰਨੀ ਕਹਾਣੀ, ਕਹਾਣੀ, ਕਵਿਤਾ, ਬਾਲ ਸਾਹਿਤ ਤੇ ਗੁਰਮਤਿ ਸਾਹਿਤ ਸ਼ਾਮਲ ਹੈ। ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ ਵਿੱਚ ਗੁਰਬਾਣੀ/ਗੁਰਮਤਿ ਦੀਆਂ ੮, ਬਾਲ ਸਾਹਿਤ ਦੀਆਂ ੧੦, ਮਿੰਨੀ ਕਹਾਣੀ/ਕਹਾਣੀ ਦੀਆਂ ੩, ਕਵਿਤਾ ਦੀ ਇੱਕ (ਕੁੱਲ ੨੨ ਪੁਸਤਕਾਂ), ਅਤੇ ੪ ਟ੍ਰੈਕਟ ਸ਼ਾਮਲ ਹਨ। ਪੰਜਾਬ ਸਰਕਾਰ ਦੇ ਸਹਿਕਾਰੀ ਸਭਾਵਾਂ ਵਿਭਾਗ ਤੋਂ ਸਹਾਇਕ ਰਜਿਸਟਰਾਰ ਵਜੋਂ ਸੇਵਾਮੁਕਤ ਸ. ਸਾਂਤ ਜੀਵਨ ਦੀਆਂ ੭੪ ਬਹਾਰਾਂ ਮਾਣ ਚੁੱਕੇ ਹਨ। ਉਹ ਮੂਲ ਤੌਰ ਤੇ ਪਟਿਆਲਾ ਦੇ ਰਹਿਣ ਵਾਲੇ ਹਨ ਪਰ ਅਕਸਰ ਆਪਣੇ ਬੱਚਿਆਂ ਕੋਲ ਅਮਰੀਕਾ (ਇੰਡੀਆਨਾ) ਆਉਂਦੇ-ਜਾਂਦੇ ਰਹਿੰਦੇ ਹਨ।

ਧਾਰਮਿਕ ਅਧਿਐਨ ਤੇ ਅੰਗਰੇਜ਼ੀ ਵਿੱਚ ਐਮ.ਏ., ਗਿਆਨੀ, ਅਤੇ ਹਾਇਰ ਡਿਪਲੋਮਾ ਇਨ ਕੋਆਪ੍ਰੇਸ਼ਨ ਦੀ ਯੋਗਤਾ ਪ੍ਰਾਪਤ ਸ. ਸ਼ਾਂਤ ਨੂੰ ਭਾਸ਼ਾ ਵਿਭਾਗ ਪੰਜਾਬ, ਡਾ ਗੰਡਾ ਸਿੰਘ ਮੈਮੋਰੀਅਲ ਟਰੱਸਟ ਪਟਿਆਲਾ, ਪੰਜਾਬੀ ਸਾਹਿਤ ਸਭਾ ਪਟਿਆਲਾ, ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ ਆਦਿ ਸੰਸਥਾਵਾਂ ਵੱਲੋਂ ਸਨਮਾਨਿਤ ਅਤੇ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ। ਹੱਥਲੇ ਨਿਬੰਧ ਵਿੱਚ ਉਨ੍ਹਾਂ ਦੀ ਨਵੀਨਤਮ ਪੁਸਤਕ – 'ਗੁਰੂਆਂ ਅਤੇ ਭਗਤਾਂ ਦੇ ਕਥਨ' (ਸੰਗਮ ਪਬਲੀਕੇਸ਼ਨਜ਼ ਸਮਾਣਾ, ਪੰਨੇ ੧੬੦, ਮੁੱਲ ੨੫੦/- ਰੁਪਏ) ਦਾ ਲੇਖਾ-ਜੋਖਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਪੁਸਤਕ (ਜੋ ਗਿਣਤੀ ਵਿੱਚ ੨੩ਵੀਂ ਹੈ) ਵਿੱਚ, ਜਿਵੇਂ ਕਿ ਇਹਦੇ ਨਾਂ ਤੋਂ ਹੀ ਸਪਸ਼ਟ ਹੈ, ਗੁਰੂ ਗ੍ਰੰਥ ਸਾਹਿਬ ਵਿਚਲੇ ਕੀਮਤੀ ਤੇ ਅਨਮੋਲ ਬਚਨ ਚੁਣ ਕੇ ਸਾਂਭੇ ਗਏ ਹਨ ਪਰ ਵਿਦਵਾਨ ਲੇਖਕ ਨੇ ਸਿਰਫ਼ ਗੁਰਬਾਣੀ ਦੀਆਂ ਪੰਕਤੀਆਂ ਨੂੰ ਹੀ ਦਰਜ ਨਹੀਂ ਕੀਤਾ, ਸਗੋਂ ਉਨ੍ਹਾਂ ਨੂੰ ਸੰਬੰਧਿਤ ਸਿਰਲੇਖਾਂ ਹੇਠ ਬਾਕਾਇਦਾ ਉਹਦੀ ਵਿਆਖਿਆ ਕਰਕੇ ਸੰਗ੍ਰਹਿਤ ਕੀਤਾ ਹੈ। ਪੁਸਤਕ ਵਿੱਚ ਸ਼ਾਮਲ ਇਨ੍ਹਾਂ ਵਿਸ਼ਿਆਂ ਦੀ ਗਿਣਤੀ ੯੦ ਹੈ, ਜਿਨ੍ਹਾਂ ਨੂੰ ਗੁਰਮੁਖੀ ਵਰਣਮਾਲਾ ਓ, ਅ, ਏ ਅਨੁਸਾਰ ਵਿਉਂਤ-ਬੱਧ ਕੀਤਾ ਗਿਆ ਹੈ। ਇਨ੍ਹਾਂ ਵਿਸ਼ਿਆਂ ਦੇ ਅੰਤਰਗਤ ਸਿਰਫ਼ ਇੱਕ-ਇੱਕ ਵਿਚਾਰ ਨਹੀਂ ਹੈ, ਸਗੋਂ ੨ ਤੋਂ ਲੈ ਕੇ ੧੩ ਤੱਕ ਹਨ। ਤੇ ਇਸ ਤਰ੍ਹਾਂ ਇਹ ਕੁੱਲ ੪੭੪ ਵਿਚਾਰ ਹਨ ੭੨ਵੇਂ ਨੰ. ਤੇ ਦਰਜ ਇੱਕ ਵਿਸ਼ੇ (ਬੋਲਚਾਲ ਜਾਂ ਗੱਲਬਾਤ) ਦੇ ਅਧੀਨ ਸਭ ਤੋਂ ਵੱਧ ੧੩ ਕਥਨ ਸ਼ਾਮਲ ਕੀਤੇ ਗਏ ਹਨ।

ਕਿਤੇ-ਕਿਤੇ ਦੋ-ਦੋ ਵਿਸ਼ੇ ਇੱਕੋ ਸਿਰਲੇਖ ਹੇਠ ਦਰਜ ਹਨ, ਜਿਵੇਂ ਉਸਤਤ-ਨਿੰਦਿਆ (ਪੰਨਾ ੧੩), ਅਮੀਰੀ-ਗਰੀਬੀ (੨੩), ਸੱਚ-ਝੂਠ (੩੬), ਸੁਖ-ਦੁਖ (੪੯), ਹਿੰਸਾ-ਅਹਿੰਸਾ (੫੯), ਗੁਣ-ਔਗੁਣ (੮੨), ਘਰ-ਪਰਿਵਾਰ (੮੪), ਪਤੀ-ਪਤਨੀ (੧੧੨), ਭਲਾ-ਬੁਰਾ (੧੩੨) ਆਦਿ ਕੁਝ ਇੱਕ ਵਿਸ਼ਿਆਂ ਨੂੰ ਹੋਰ ਸਪਸ਼ਟ ਕਰਨ ਦੇ ਆਸ਼ੇ ਨਾਲ ਬ੍ਰੈਕਟਾਂ ਵਿੱਚ ਹੋਰ ਅਰਥ ਵੀ ਦਿੱਤੇ ਗਏ ਹਨ, ਜਿਵੇਂ ਉਪਦੇਸ਼ਕ (ਪ੍ਰਚਾਰਕ), ਅਧਿਆਤਮਕ ਅਨੁਭਵ (ਰਹ/ਸਵਾਦ), ਅਮੀਰੀ-ਗਰੀਬੀ (ਆਰਥਕ ਨਾ-ਬਰਾਬਰੀ), ਆਗੂ (ਹੁਕਮਰਾਨੇ-ਰਾਜੇ), ਆਤਮਾ ਦੀ ਅਵਾਜ਼ (ਜ਼ਮੀਰ ਦੀ ਅਵਾਜ਼), ਇਜ਼ਤ (ਪਤਿ-ਸ਼ੋਭਾ), ਸਬਰ-ਸੰਤੋਖ (ਸੰਤੁਸ਼ਟੀ), ਗਿਆਨੀ (ਵਿਦਵਾਨ), ਦਰਵੇਸ਼ (ਸਾਧੂ/ਫ਼ਕੀਰ), ਦੁਬਿਧਾ (ਦੁਚਿਤੀ), ਦ੍ਰਿਸ਼ਟੀ (ਸੋਚ), ਪਾਪ (ਅਪਰਾਧ), ਪ੍ਰੀਤ (ਪ੍ਰੇਮਾ ਭਗਤੀ), ਬਿਬੇਕ ਬੁੱਧ (ਅਕਲ/ਸੋਚ-ਵਿਚਾਰ), ਬਿਰਹਾ (ਵਿਛੋੜੇ ਦੀ ਤੜਫ), ਬੋਲਚਾਲ (ਗੱਲਬਾਤ), ਭ੍ਰਿਸ਼ਟਾਚਾਰ (ਵੱਢੀ/ਰਿਸ਼ਵਤ/ਪਰਾਇਆ ਹੱਕ), ਮੁਕਤੀ (ਜੀਵਨ ਮੁਕਤੀ), ਲੋਕਾਚਾਰੀ (ਲੋਕ-ਲਾਜ) ਆਦਿ।

ਇਹ ਪੁਸਤਕ ਗੁਰਮਤਿ-ਮਾਰਗ ਦੇ ਪਾਂਧੀਆਂ, ਕਥਾਵਾਚਕਾਂ ਲਈ ਤਾਂ ਸਲਾਹੁਣਯੋਗ ਹੈ ਹੀ, ਵਿਦਿਆਰਥੀਆਂ ਤੇ ਖੋਜਾਰਥੀਆਂ ਲਈ ਵੀ ਉਨੀ ਹੀ ਲਾਭਕਾਰੀ ਤੇ ਮਹੱਤਵਪੂਰਣ ਹੈ। ਇਸ ਪੁਸਤਕ ਤੋਂ ਮਦਦ ਲੈ ਕੇ ਕੋਈ ਵੀ ਭਾਸ਼ਣਕਾਰ ਇਸ ਵਿਸ਼ੇ ਤੇ ਆਪਣਾ ਭਾਸ਼ਣ ਤਿਆਰ ਕਰ ਸਕਦਾ ਹੈ ਜਾਂ ਖੋਜਕਾਰ ਨਵੀਂ ਖੋਜ ਵਾਸਤੇ ਸਹਾਇਤਾ ਲੈ ਸਕਦਾ ਹੈ। ਪੁਸਤਕ 'ਚੋਂ ਸਿਰਫ਼ ਇੱਕ ਉਦਾਹਰਣ (ਲਿਖਾਰੀ, ਪੰਨਾ ੧੫੨) ਸਾਡੇ ਕਥਨ ਦੀ ਪੁਸ਼ਟੀ ਕਰ ਦੇਵੇਗੀ:

*ਧਨੁ ਲੇਖਾਰੀ ਨਾਨਕਾ ਜਿਨਿ ਨਾਮ ਲਿਖਾਇਆ ਸਚੁ ॥
*ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ ॥
*ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥
ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥
*ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥
ਦੂਜੈ ਭਾਇ ਸੁਖੁ ਪਾਏ ਨ ਕੋਈ ॥
ਕੂੜੁ ਲਿਖਹਿ ਤੈ ਕੂੜੁ ਕਮਾਵਹਿ
ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥
*ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥

ਪੁਸਤਕ ਦੇ ਮੁੱਢ ਵਿੱਚ ਸੁਖਦੇਵ ਸਿੰਘ ਸ਼ਾਂਤ ਵੱਲੋਂ ਧੰਨਵਾਦ ਦੇ ਸ਼ਬਦ, ਸ਼੍ਰੀਮਤੀ ਸੁਰਿੰਦਰ ਕੌਰ (ਸ਼ਾਂਤ ਜੀ ਦੀ ਸੁਪਤਨੀ) ਵੱਲੋਂ ਕੁਝ ਵਿਚਾਰ ਅਤੇ ਅੰਤਿਕਾ ਵਜੋਂ ਪੁਸਤਕ ਸੂਚੀ ਦੇ ਅੰਤਰਗਤ ਤਿੰਨ ਪੁਸਤਕਾਂ ਦਾ ਵੇਰਵਾ ਸ਼ਾਮਲ ਹੈ।

ਗੁਰੂ ਗ੍ਰੰਥ ਸਾਹਿਬ, ਜੋ ਕਿ ਸਮੁੱਚੀ ਮਾਨਵਤਾ ਦੇ ਰਹਿਬਰ, ਗਿਆਨ ਦੇ ਚਾਨਣ-ਮੁਨਾਰੇ, ਗਿਆਨ ਦੇ ਸਾਗਰ ਆਦਿ ਲਕਬਾਂ ਦੇ ਧਾਰਨੀ ਹਨ, ਵਿੱਚੋਂ ਚੁਣ-ਚੁਣ ਕੇ ਮਾਨਵ-ਕਲਿਆਣ ਲਈ ਚੋਣਵੇਂ ਵਿਸ਼ਿਆਂ ਦੀ ਨਿਸ਼ਾਨ-ਦੇਹੀ ਕਰਨੀ ਵਾਕਈ ਬਹੁਤ ਮੁਸ਼ਕਿਲ ਕਾਰਜ ਹੈ, ਪਰ ਸੁਖਦੇਵ ਸਿੰਘ ਸ਼ਾਂਤ, ਜੋ ਕਿ ਸੂਰਤ ਅਤੇ ਸੀਰਤ ਤੋਂ ਗੁਰਮੁਖ ਵਿਅਕਤੀ ਹਨ, ਨੇ ਬੜੀ ਮਿਹਨਤ ਅਤੇ ਲਗਨ ਨਾਲ ਖੋਜ ਕਰਕੇ ਇਹ ਮਾਣਕਮੋਤੀ ਜਗਿਆਸੂਆਂ ਲਈ ਢੂੰਡੇ ਹਨ, ਜਿਨ੍ਹਾਂ ਨੂੰ ਪੜ੍ਹ ਕੇ, ਜੀਵਨ ਵਿੱਚ ਅਪਣਾ ਕੇ ਇਨਸਾਨ ਬਹੁਤ ਸਾਰੀਆਂ ਆਪਸਹੇੜੀਆਂ ਮੁਸੀਬਤਾਂ ਤੋਂ ਛੁਟਕਾਰਾ ਪਾ ਸਕਦਾ ਹੈ। ਇਸ ਨਿਵੇਕਲੀ ਪੁਸਤਕ ਲਈ ਲੇਖਕ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਧੰਨਵਾਦ ਤੇ ਸਤਿਕਾਰ ਦਾ ਪਾਤਰ ਹੈ। ਖ਼ੁਸ਼ਆਮਦੀਦ!



#1, ਲਤਾ ਗਰੀਨ ਐਨਕਲੇਵ, ਪਟਿਆਲਾ – 147002 (9417692015)

ਅਪ੍ਰਚਲਿਤ ਰਾਗਾਂ ਦਾ ਖਜ਼ਾਨਾ

ਡਾ. ਮਲਕੀਤ ਸਿੰਘ ਜੰਡਿਆਲਾ
ਮੁਖੀ, ਗੁਰਮਤਿ ਸੰਗੀਤ ਵਿਭਾਗ
ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ

ਸੰਗੀਤ ਨਾਟਕ ਅਕੈਡਮੀ ਵੱਲੋਂ ਪ੍ਰਕਾਸ਼ਿਤ ਪ੍ਰੋ. ਗੁਰਬਖਸ਼ ਸਿੰਘ ਜੀ ਦੀ ਨਵੀਂ ਪੁਸਤਕ "ਅਪ੍ਰਚਲਿਤ ਹਿੰਦੁਸਤਾਨੀ ਰਾਗ-ਮਾਲਿਕਾ" ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਅਪ੍ਰਚਲਿਤ ਰਾਗਾਂ ਦਾ ਖਜ਼ਾਨਾ ਹੈ।

ਅਪ੍ਰਚਲਿਤ ਅਤੇ ਅਲੋਪ ਹੋ ਗਏ ਰਾਗਾਂ ਦੀ ਖੋਜ ਕਰਨੀ ਹਰ ਕਿਸੇ ਦੇ ਵਸ ਦੀ ਗੱਲ ਨਹੀਂ, ਅਤੇ ਉਸ ਵਿੱਚ ਬੰਦਿਸ਼ ਬਣਾਉਣਾ ਤਾਂ ਉਸ ਤੋਂ ਵੀ ਔਖਾ ਹੈ।

ਪ੍ਰੋ. ਗੁਰਬਖਸ਼ ਸਿੰਘ ਦੇ ਇਨ੍ਹਾਂ ਜਤਨਾਂ ਨਾਲ ਸੰਗੀਤ ਦੇ ਵਿਦਿਆਰਥੀ, ਖਾਸ ਕਰ ਕੇ ਨਵੀਂ ਪੀੜ੍ਹੀ ਨੂੰ ਉਨ੍ਹਾਂ ਰਾਗਾਂ ਬਾਰੇ ਪਤਾ ਲੱਗੇਗਾ ਜਿਹੜੇ ਰਾਗ ਅੱਜ ਤੋਂ ੧੦੦-੧੫੦ ਸਾਲ ਪਹਿਲਾਂ ਆਮ ਗਾਏ ਜਾਂਦੇ ਸਨ, ਪਰ ਅੱਜ-ਕੱਲ ਸੁਣਨ ਨੂੰ ਨਹੀਂ ਮਿਲਦੇ।

ਪ੍ਰੋ. ਗੁਰਬਖਸ਼ ਸਿੰਘ ਇਸ ਕਾਰਜ ਲਈ ਵਧਾਈ ਦੇ ਪਾਤਰ ਹਨ।



ਰਾਗ ਭੈਰਵੀ

ਬੀਬੀ ਹਰਦੀਪ ਕੌਰ

ਭਾਰਤੀ ਸੰਗੀਤ ਵਿੱਚ ਇਸ ਅਤਿ ਪ੍ਰਚਲਿਤ ਰਾਗ ਵਿੱਚ ਠੁਮਰੀ ਗਾਈ ਜਾਂਦੀ ਹੈ। ਕੀਰਤਨ ਵਿੱਚ ਬਹੁਤੀਆਂ ਲਾਈਟ ਬੰਦਸ਼ਾਂ ਵੀ ਇਸੇ ਰਾਗ ਵਿੱਚ ਹੀ ਬਣਾਈਆਂ-ਗਾਈਆਂ ਜਾਂਦੀਆਂ ਹਨ। ਸੰਗੀਤਕ ਵਿਦਵਾਨ ਇਸ ਰਾਗ ਨੂੰ ੧੨ ਦੀਆਂ ੧੨ ਸੁਰਾਂ ਨਾਲ ਵੀ ਗਾ ਲੈਂਦੇ ਹਨ, ਉਂਜ ਇਸ ਰਾਗ ਵਿੱਚ ਰਿਖਬ, ਗੰਧਾਰ, ਧੈਵਤ, ਅਤੇ ਨਿਖਾਦ ਕੋਮਲ ਹਨ ਅਤੇ ਬਾਕੀ ਸੁਰ ਸ਼ੁੱਧ ਹਨ।

ਅਰੋਹ: ਸ ਰੁ ਗੁ ਮ ਪ ਧੁ ਨੁ ਸ
ਅਵਰੋਹ: ਸ ਨੁ ਧੁ ਪ ਮ ਗੁ ਰੁ ਸ

ਮੁੱਖ ਅੰਗ: ਮ ਗੁ ਰੁ ਗੁ, ਮ ਰੁ ਸ, ਧ਼ੁ ਨ਼ੁ ਸ

ਵਾਦੀ: ਮ, **ਸੰਵਾਦੀ:** ਸ

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥
ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥
ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

One who is not touched by pleasure or pain, greed, emotional attachment and egotistical pride - says Nanak, listen, mind: he is the very image of God. One who is beyond praise and slander, who looks upon gold and iron alike - says Nanak, listen, mind: know that such a person is liberated.
One who is not affected by pleasure or pain, who looks upon friend and enemy alike - says Nanak, listen, mind: know that such a person is liberated.
One who does not frighten anyone, and who is not afraid of anyone else - says Nanak, listen, mind: call him spiritually wise.

(ਸਲੋਕ ਮ: ੯)

ਰਾਗ ਭੈਰਵੀ – ਤਿੰਨਤਾਲ

X				੨				੦				੩			
੧	**੨**	**੩**	**੪**	**੫**	**੬**	**੭**	**੮**	**੯**	**੧੦**	**੧੧**	**੧੨**	**੧੩**	**੧੪**	**੧੫**	**੧੬**
								ਸ	ਰੁ	ਗੁ	ਮ	ਪ	ਧੁ	ਪ	ਮ
								ਸੁ	ਖੁ	ਦੂ	ਖੁ	ਜਿ	ਹੋ	ਪ	ਰ
ਗੁ	ਮ	ਪ	ਮ	ਗੁਮ	ਪਮ	ਗੁਰੁ	ਸ	ਸ	ਰੁ	ਗੁ	ਮ	ਮ	–	ਮ	–
ਸੈ	S	S	ਨ	ਹੀS	SS	SS	S	ਲੋ	S	ਭ	ਮੋ	ਹੁ	S	ਅ	ਭਿ
ਗੁ	ਗੁ	ਰੁ	ਗੁ	ਰੁ	ਰੁ	ਸ	–	ਸਂ	–	ਸਂ	–	ਨੁ	ਧੁ	ਪ	ਪ
ਮਾ	S	S	S	ਨੁ	S	S	S	ਕ	ਹੁ	ਨਾ	S	ਨ	ਕ	ਸੁ	ਨ
ਗੁ	ਮ	ਪ	ਮ	ਗੁ	ਰੁ	ਸ	–	ਸ	ਰੁ	ਗੁ	ਮ	ਮ	–	ਮ	–
ਰੇ	S	S	ਮ	ਨਾ	S	S	S	ਸੋ	S	ਮੂ	S	ਰ	ਤਿ	ਭ	ਗ
ਗੁ	ਗੁ	ਰੁ	ਗੁ	ਰੁ	ਰੁ	ਸ	–								
ਵਾ	S	S	S	ਨ	S	S	S								

ਸਲੋਕ ਮ: ੯ ਭਾਗ ਚੌਥਾ

ਸੁਰਲਿੱਪੀ ਕਰਤਾ:
ਬੀਬੀ ਹਰਦੀਪ ਕੌਰ

(ਕਰਤਾ - ਨਮੋ ਗੀਤ ਗੀਤੇ)

ਸੰਪਰਕ: 81958-67779

THE ALP GROUP

EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS



PIONEERING ENGINEERING SOLUTIONS IN RUBBER & PLASTIC













THE ALP GROUP

Corporate Office:
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgropup.in
E-mail: alp@anbros.com